FREE

# ਮਨ ਜਿੱਤ

MANN JITT WEEKLY

Vol: 18, Issue 890 U.K's Largest Circulated Free Punjabi/English Newspaper www.mannjittweekly.co.uk 10th January to 16th January 2024

SHIMLA® GIN·RUM

patara

Chartered Accountants Worldwide | Network Member

# ਭਾਰਤ ਨੂੰ ਵਿਕਾਸ ਦੇ ਇੰਜਣ ਤੇ ਭਰੋਸੇਮੰਦ ਮਿੱਤਰ ਵਜੋਂ ਦੇਖ ਰਹੀ ਹੈ ਦੁਨੀਆ: ਮੋਦੀ



ਗਾਂਧੀਨਗਰ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਆਲਮੀ ਪੱਧਰ ’ਤੇ ਉਥਲ-ਪੁਥਲ ਵਿਚਾਲੇ ਭਾਰਤ ਉਮੀਦ ਦੀ ਇਕ ‘ਨਵੀਂ ਕਿਰਨ’ ਦੇ ਰੂਪ ਵਿਚ ਉੱਭਰਿਆ ਹੈ ਤੇ ਦੁਨੀਆ ਇਸ ਨੂੰ ਸਥਿਰਤਾ ਦੇ ਇਕ ਮਹੱਤਵਪੂਰਨ ਮੀਲ ਪੱਥਰ, ਇਕ ਭਰੋਸੇਮੰਦ ਮਿੱਤਰ ਤੇ ਆਲਮੀ ਅਰਥਚਾਰੇ ਵਿਚ ਵਿਕਾਸ ਦੇ ਇੰਜਣ ਦੇ ਰੂਪ ਵਿਚ ਦੇਖਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਤੇਜ਼ੀ ਨਾਲ ਬਦਲਦੀ ਆਲਮੀ ਵਿਵਸਥਾ ਵਿਚ ਭਾਰਤ ‘ਵਿਸ਼ਵ ਮਿੱਤਰ’ ਦੇ ਰੂਪ ਵਿਚ ਅੱਗੇ ਵਧ ਰਿਹਾ ਹੈ। ‘ਵਾਈਬ੍ਰੈਂਟ ਗੁਜਰਾਤ ਆਲਮੀ ਸੰਮੇਲਨ’ ਦੇ 10ਵੇਂ ਐਡੀਸ਼ਨ ਦੇ ਉਦਘਾਟਨ ਮੌਕੇ ਮੋਦੀ ਨੇ ਕਿਹਾ ਕਿ ਸਾਰੀਆਂ ਪ੍ਰਮੁੱਖ ਰੇਟਿੰਗ ਏਜੰਸੀਆਂ ਦੀ ਰਾਏ ਹੈ ਕਿ ਭਾਰਤ ਅਗਲੇ ਕੁਝ ਸਾਲਾਂ ਵਿਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ। ਇਸ ਸੰਮੇਲਨ ਵਿਚ ਦੁਨੀਆ ਦੀਆਂ ਸਿਖਰਲੀਆਂ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਤੇ ਕਈ ਦੇਸ਼ਾਂ ਦੇ ਮੁਖੀ ਹਿੱਸਾ ਲੈ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਇਕ ਅਜਿਹਾ ਦੋਸਤ ਹੈ ਜਿਸ ਉਤੇ ਭਰੋਸਾ ਕੀਤਾ ਜਾ ਸਕਦਾ ਹੈ, ਇਕ ਅਜਿਹਾ ਭਾਈਵਾਲ ਹੈ, ਜੋ ਲੋਕਾਂ ’ਤੇ ਕੇਂਦਰਤ ਵਿਕਾਸ ਵਿਚ ਵਿਸ਼ਵਾਸ ਕਰਦਾ ਹੈ ਤੇ ਇਕ ਅਜਿਹੀ ਆਵਾਜ ਹੈ ਜੋ ਆਲਮੀ ਭਲਾਈ ਵਿਚ ਯਕੀਨ ਰੱਖਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ‘ਗਲੋਬਲ ਸਾਊਥ’ ਦੀ ਵੀ ਆਵਾਜ ਹੈ। ਮੋਦੀ ਨੇ ਕਿਹਾ ਕਿ ਦੁਨੀਆ ਅੱਜ ਭਾਰਤ ਨੂੰ ਆਲਮੀ ਅਰਥਚਾਰੇ ਵਿਚ ਵਿਕਾਸ ਦੇ ਇੰਜਣ, ਹੱਲ ਖੋਜਣ ਲਈ ਇਕ ਤਕਨੀਕੀ ਕੇਂਦਰ ਤੇ ਪ੍ਰਤਿਭਾਵਾਨ ਨੌਜਵਾਨਾਂ ਦੇ ‘ਪਾਵਰਹਾਊਸ’ ਦੇ ਰੂਪ ਵਿਚ ਦੇਖਦੀ ਹੈ।’ ਉਨ੍ਹਾਂ ਕਿਹਾ ਕਿ ਭਾਰਤ ਦੀਆਂ ਤਰਜੀਹਾਂ ਟਿਕਾਊ ਉਦਯੋਗ, ਬੁਨਿਆਦੀ ਢਾਂਚਾ ਤੇ ਨਿਰਮਾਣ, ਨਵੇਂ ਯੁੱਗ ਦੇ ਕੌਸ਼ਲ, ਭਵਿੱਖ ਦੀ ਤਕਨੀਕ, ਏਆਈ ਤੇ ਕਾਢਾਂ, ਗਰੀਨ ਹਾਈਡ੍ਰੋਜਨ, ਨਵਿਆਉਣਯੋਗ ਊਰਜਾ, ਸੈਮੀਕੰਡਕਟਰ ਤੇ ਉਸ ਦਾ ਪੂਰਾ ਤੰਤਰ ਹੈ। ਮੋਦੀ ਨੇ ਭਾਰਤ-ਯੂਏਈ ਰਿਸ਼ਤਿਆਂ ਨੂੰ ਨਵੀਆਂ ਉਚਾਈਆਂ ਉਤੇ ਲਿਜਾਣ ਦਾ ਸਿਹਰਾ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਏਦ ਅਲ ਨਾਹਿਆਨ ਨੂੰ ਦਿੱਤਾ। ਉਨ੍ਹਾਂ ਮੁੱਖ ਮਹਿਮਾਨ ਦੇ ਰੂਪ ਵਿਚ ਸੰਮੇਲਨ ਵਿਚ ਹਿੱਸਾ ਲਿਆ। ਮੋਦੀ ਨੇ ਕਿਹਾ ਕਿ ਜੀ20 ਦੀ ਪ੍ਰਧਾਨਗੀ ਦੌਰਾਨ ਵੀ ਭਾਰਤ ਨੇ ਆਲਮੀ ਭਵਿੱਖ ਲਈ ਇਕ ਰੂਪ-ਰੇਖਾ ਉਪਲੱਬਧ ਕਰਵਾਈ ਤੇ ਇਹ ਸਿਖਰ ਸੰਮੇਲਨ ਉਸੇ ਨਜਰੀਏ ਨੂੰ ਅੱਗੇ ਲਿਜਾ ਰਿਹਾ ਹੈ। ਮੋਦੀ ਨੇ ਕਿਹਾ ਕਿ ਭਾਰਤ ਆਈ2ਯੂ2 ਗਰੁੱਪ (ਭਾਰਤ, ਇਜਰਾਈਲ, ਯੂਏਈ ਤੇ ਅਮਰੀਕਾ) ਤੇ ਹੋਰ ਬਹੁ-ਪੱਖੀ ਸੰਗਠਨਾਂ ਦੇ ਨਾਲ ਆਪਣੀ ਭਾਈਵਾਲੀ ਨੂੰ ਲਗਾਤਾਰ ਮਜਬੂਤ ਕਰ ਰਿਹਾ ਹੈ।



## ਅਦਾਰਾ ‘ਮਨ ਜਿੱਤ’ ਵੱਲੋਂ ਦੇਸ ਵਿਦੇਸ਼ ਵਿਚ ਵਸਦੀ ਸਮੁੱਚੀ ਲੋਕਾਈ ਨੂੰ ਲੋਹੜੀ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

## ਮਾਘੀ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

# ਰਾਮ ਮੰਦਰ ਦੇ ਉਦਘਾਟਨ ਸਮਾਗਮ ’ਚ ਸ਼ਾਮਲ ਨਹੀਂ ਹੋਣਗੇ ਖੜਗੇ, ਸੋਨੀਆ ਅਤੇ ਅਧੀਰ

ਨਵੀਂ ਦਿੱਲੀ - ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ ਅਤੇ ਅਧੀਰ ਰੰਜਨ ਚੌਧਰੀ ਨੇ ਬੁੱਧਵਾਰ ਨੂੰ ਸਪਸ਼ਟ ਕੀਤਾ ਕਿ ਉਹ ਅਯੁੱਧਿਆ ’ਚ ਰਾਮ ਮੰਦਰ ਉਦਘਾਟਨ ਸਮਾਗਮ ’ਚ ਸ਼ਿਰਕਤ ਨਹੀਂ ਕਰਨਗੇ। ਕਾਂਗਰਸੀ ਆਗੂਆਂ ਨੇ ਇਸ ਸਮਾਗਮ ਨੂੰ ਚੋਣਾਂ ’ਚ ਲਾਹਾ ਲੈਣ ਲਈ ਭਾਜਪਾ ਅਤੇ ਆਰਐੱਸਐੱਸ ਦਾ ‘ਸਿਆਸੀ ਪ੍ਰਾਜੈਕਟ’ ਗਰਦਾਨਿਆ। ਕਾਂਗਰਸ ਹਾਈ ਕਮਾਨ ਦੇ ਫੈਸਲੇ ਤੋਂ ਜਾਣੂ ਕਰਵਾਉਂਦਿਆਂ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਨਿਰਮਾਣ ਅਧੀਨ (ਅਧੂਰੇ) ਮੰਦਰ ਦਾ ਉਦਘਾਟਨ ਸਮਾਗਮ ਕਰਵਾ ਕੇ ਭਾਜਪਾ ਅਤੇ ਆਰਐੱਸਐੱਸ ਅਗਾਮੀ ਚੋਣਾਂ ’ਚ ਸਿਆਸੀ ਤੌਰ ’ਤੇ ਲਾਹਾ ਲੈਣਾ ਚਾਹੁੰਦੀਆਂ ਹਨ। ਅਜੇ ਪਿਛਲੇ ਮਹੀਨੇ ਹੀ ਕਾਂਗਰਸ ਪ੍ਰਧਾਨ ਅਤੇ ਰਾਜ ਸਭਾ ’ਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ, ਕਾਂਗਰਸ ਪਾਰਲੀਮਾਨੀ ਮਾਮਲਿਆਂ ਬਾਰੇ ਪਾਰਟੀ ਦੀ ਚੇਅਰਪਰਸਨ ਅਤੇ ਲੋਕ ਸਭਾ ’ਚ ਕਾਂਗਰਸ ਨੇਤਾ ਸੋਨੀਆ ਗਾਂਧੀ ਨੂੰ 22 ਜਨਵਰੀ 2024 ਨੂੰ ਅਯੁੱਧਿਆ ’ਚ ਰਾਮ ਮੰਦਰ ਦੇ ਉਦਘਾਟਨ ਸਮਾਗਮ ਲਈ ਸੱਦਾ ਪੱਤਰ ਮਿਲਿਆ ਸੀ। ਜੈਰਾਮ ਰਮੇਸ਼ ਨੇ ਬਿਆਨ ’ਚ ਕਿਹਾ ਕਿ ਸਾਡੇ ਦੇਸ਼ ’ਚ ਕਰੋੜਾਂ ਲੋਕ ਭਗਵਾਨ ਰਾਮ ਦੀ ਪੂਜਾ ਕਰਦੇ ਹਨ। ਧਰਮ ਇਕ ਵਿਅਕਤੀਗਤ ਮਾਮਲਾ ਹੈ ਪਰ ਆਰਐੱਸਐੱਸ ਅਤੇ ਭਾਜਪਾ ਨੇ ਅਯੁੱਧਿਆ ’ਚ ਰਾਮ ਮੰਦਰ ਨੂੰ ਸਿਆਸੀ ਪ੍ਰਾਜੈਕਟ ਬਣਾ ਦਿੱਤਾ ਹੈ। ਨਿਰਮਾਣ ਅਧੀਨ (ਅਧੂਰੇ) ਮੰਦਰ ਦਾ ਉਦਘਾਟਨ ਭਾਜਪਾ ਅਤੇ ਆਰਐੱਸਐੱਸ ਵੱਲੋਂ ਅਗਾਮੀ ਚੋਣਾਂ ’ਚ ਲਾਹਾ ਲੈਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 2019 ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਉਹ ਸਨਮਾਨ ਕਰਦੇ ਹਨ ਅਤੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਭਗਵਾਨ ਰਾਮ ਨਾਲ ਜੁੜੀਆਂ ਹੋਈਆਂ ਹਨ ਪਰ ਪਾਰਟੀ ਹਾਈ ਕਮਾਨ ਸਨਮਾਨਜਨਕ ਢੰਗ ਨਾਲ ਭਾਜਪਾ ਅਤੇ ਆਰਐੱਸਐੱਸ ਦੇ ਸੱਦਾ ਪੱਤਰ ਨੂੰ ਖਾਰਜ ਕਰਦੀ ਹੈ।

# ਗਡਕਰੀ ਵੱਲੋਂ ਪੰਜਾਬ ’ਚ 4 ਹਜਾਰ ਕਰੋੜ ਦੇ ਪ੍ਰਾਜੈਕਟਾਂ ਦਾ ਨੀਂਹ ਪੱਥਰ

ਹੁਸ਼ਿਆਰਪੁਰ - ਸੜਕੀ ਆਵਾਜਾਈ ਅਤੇ ਰਾਜ ਮਾਰਗਾਂ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਬੁੱਧਵਾਰ ਨੂੰ ਇਥੇ ਇਕ ਸਮਾਗਮ ਦੌਰਾਨ ਪੰਜਾਬ ਲਈ 4 ਹਜ਼ਾਰ ਕਰੋੜ ਰੁਪਏ ਦੇ 29 ਰਾਜ ਮਾਰਗੀ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ 12 ਹਜ਼ਾਰ ਕਰੋੜ ਦੇ ਹੋਰ ਪ੍ਰਾਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਹੁਸ਼ਿਆਰਪੁਰ-ਫ਼ਗਵਾੜਾ ਸੜਕ ਨੂੰ ਚਹੁੰ-ਮਾਰਗੀ ਬਣਾਉਣ ਦਾ ਨੀਂਹ ਪੱਥਰ ਵੀ ਰੱਖਿਆ। ਇਸ ਕੰਮ ’ਤੇ 1553 ਕਰੋੜ ਰੁਪਏ ਦਾ ਖਰਚ ਆਵੇਗਾ। ਚਹੁੰ-ਮਾਰਗੀ ਸੜਕ ਬਣਨ ਨਾਲ ਹੁਸ਼ਿਆਰਪੁਰ ਤੋਂ ਫ਼ਗਵਾੜਾ ਤੱਕ ਦਾ ਸਫ਼ਰ 30 ਮਿੰਟ ਦਾ ਰਹਿ ਜਾਵੇਗਾ। ਭਾਰਤ ਮਾਲਾ ਪ੍ਰਾਜੈਕਟ ਤਹਿਤ ਬਣਨ ਵਾਲੀ ਇਸ ਸੜਕ ’ਤੇ ਤਿੰਨ ਵੱਡੇ ਅਤੇ 9 ਛੋਟੇ ਪੁਲ ਬਣਨਗੇ। ਇਹ ਸੜਕ ਜਲੰਧਰ ਐੱਸਬੀਐੱਸ ਨਗਰ, ਕਪੂਰਥਲਾ ਤੋਂ ਹੁੰਦੀ ਹੋਈ ਹੁਸ਼ਿਆਰਪੁਰ ਬਾਈਪਾਸ ’ਤੇ ਖਤਮ ਹੋਵੇਗੀ। ਇਸ ਦੇ ਬਣਨ ਨਾਲ ਐੱਨਐੱਚ 44 ਅਤੇ ਐੱਨਐੱਚ 503 ਏ ਵਿਚਕਾਰ ਸੰਪਰਕ ਬੇਹਤਰ ਹੋ ਜਾਵੇਗਾ।

RAI & SONS BUILDERS

NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING



CONTACT
0121 358 4539
07973 147 255
07723 315127
077928 55562

Jhally
Creativity at its best



ਵਿਆਹ ਜਿਥੇ ਮਰਜ਼ੀ ਕਰਵਾਓ, ਪਰ ਵੀਡਿਓ ਝੱਲ੍ਹੀ ਤੋਂ ਬਣਵਾਓ

Video Productions & Photography
Creative Video Production & Photography for Wedding Civil Marriages, Parties, All Special occasions, Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

Kool Cakes



Cakes for all occasions
We make cakes with or without eggs, vegan and gluten free in a variety of flavours. Available same day.
Design and Order Your Cakes
Online @ www.koolcakes.uk
Customer service 020 7052 5152
Email us sales@koolcakes.uk
* Delivery available on request
*T's & C's apply
Heston Branch
9 Central Parade,
New Heston Road,
Heston, Middlesex TW5 0LQ
Tel: 020 8577 6393
Kingsbury Branch
2 Honeypot Lane,
Kingsbury,
London NW9 9QD
Tel: 020 8204 3949

# ਅਲ-ਕਾਇਦਾ ਦੇ ਨਿਸ਼ਾਨੇ 'ਤੇ ਈਲੌਨ ਮਸਕ ਅਤੇ ਕਈ ਹੋਰ ਅਮਰੀਕੀ ਕਾਰੋਬਾਰੀ

ਵਿਨੀਪੈੱਗ: ਅਤਿਵਾਦੀ ਸੰਗਠਨ ਅਲ-ਕਾਇਦਾ ਨੇ ਇਜ਼ਰਾਈਲ-ਹਮਾਸ ਯੁੱਧ 'ਤੇ ਅਮਰੀਕੀ ਰੁਖ਼ ਨੂੰ ਲੈ ਕੇ ਅਮਰੀਕਾ 'ਤੇ ਵੱਡੇ ਕਾਰੋਬਾਰੀਆਂ ਈਲੌਨ ਮਸਕ, ਬਿਲ ਗੇਟਸ ਅਤੇ ਸੱਤਿਆ ਨਡੇਲਾ ਨੂੰ ਨਿਸ਼ਾਨਾ ਬਣਾਉਣ ਅਤੇ ਅਮਰੀਕੀ ਅਰਥ-ਵਿਵਸਥਾ ਨੂੰ ਖ਼ਤਰਾ ਬਣਾਉਣ ਦਾ ਦੋਸ਼ ਲਗਾਇਆ ਹੈ। ਇਸ ਦੀ ਖ਼ੁਫ਼ੀਆ ਜਾਣਕਾਰੀ ਦਾ ਖ਼ੁਲਾਸਾ ਇੱਕ ਓਪਨ-ਸੋਰਸ ਇੰਟੈਲੀਜੈਂਸ ਟੀਮ ਨੇ ਕੀਤਾ ਹੈ। ਖ਼ੁਫ਼ੀਆ ਟੀਮ ਨੇ ਅਲ-ਕਾਇਦਾ ਨਾਲ ਸਬੰਧਤ ਚੈਟਰੂਮ ਦੇ ਸੰਦੇਸ਼ਾਂ ਦੀ ਸਮੀਖਿਆ ਕੀਤੀ ਜਿਸ ਤੋਂ ਪਤਾ ਚੱਲਦਾ ਹੈ ਕਿ ਅਤਿਵਾਦੀ ਸੰਗਠਨ ਨੇ ਆਪਣੇ ਸਮਰਥਕਾਂ ਨੂੰ ਅਮਰੀਕਾ, ਬ੍ਰਿਟੇਨ, ਅਤੇ ਫ਼ਰਾਂਸੀਸੀ ਕੰਪਨੀਆਂ ਵਲੋਂ ਚਲਾਈਆਂ ਜਾ ਰਹੀਆਂ ਉਡਾਨਾਂ ਉੱਤੇ ਹਮਲਾ ਕਰਨ ਦੀ ਅਪੀਲ ਕੀਤੀ ਹੈ।ਇਹਨਾਂ 'ਚ ਅਮਰੀਕਨ ਏਅਰਲਾਈਨਜ, ਕੌਂਟੀਨੈਂਟਲ, ਡੈਲਟਾ, ਬ੍ਰਿਟਿਸ਼ ਏਅਰਵੇਜ਼, ਏਅਰ ਫ਼ਰਾਂਸ, ਅਤੇ KLM ਸ਼ਾਮਿਲ ਹਨ। ਅਲ-ਕਾਇਦਾ ਦੀ ਮੀਡੀਆ ਸ਼ਾਖਾ ਅਲ-ਮਾਲਾਹੇਮ ਨੇ ਕਿਹਾ ਕਿ ਧਮਕੀ ਦਾ ਮਕਸਦ ਉਸ ਦੇ ਅਤਿਵਾਦੀ ਹਮਲਾਵਰਾਂ ਨੂੰ ਹੌਂਸਲਾ ਦੇਣ ਲਈ ਸੀ ਕਿਉਂਕਿ ਉਹ ਅਮਰੀਕਾ ਅਤੇ ਇਜ਼ਰਾਈਲ ਦੇ ਗ਼ਾਜ਼ਾ 'ਤੇ ਕੀਤੇ ਜਾ ਰਹੇ ਹਮਲਿਆਂ ਦਾ ਸਮਰਥਨ ਕਰ ਰਹੇ ਸਨ, ਜਿਸ ਨਾਲ 20 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਇੱਕ ਹੋਰ ਵੀਡੀਓ 'ਚ, ਸੰਗਠਨ ਨੇ ਫ਼ਿਲਿਸਤੀਨ ਅਤੇ ਅਭਿਲਾਸ਼ੀ ਗਲੋਬਲ ਦੇ ਸਮਰਥਨ 'ਚ ਓਪਨ ਸੋਰਸ ਜਿਹਾਦ ਦੀ ਅਪੀਲ ਕੀਤੀ ਹੈ ਅਤੇ ਗਲੋਬਲ ਪੱਧਰ 'ਤੇ ਰਸੋਈ ਸਮੱਗਰੀ ਦੀ ਵਰਤੋਂ ਕਰ ਕੇ ਉੱਨਤ



ਬੰਬ ਬਣਾਉਣ ਦੇ ਚਾਹਵਾਨ ਮੁਜਾਹਿਦੀਨਾਂ ਲਈ ਇੱਕ ਗਾਇਡ ਪ੍ਰਦਾਨ ਕਰਨ ਲਈ ਕਿਹਾ ਹੈ।ਇਸ ਖ਼ੁਫ਼ੀਆ ਜਾਣਕਾਰੀ ਮੁਤਾਬਿਕ ਅਤਿਵਾਦੀ ਸੰਗਠਨ ਦੇ ਨਿਸ਼ਾਨੇ 'ਤੇ ਈਲੌਨ ਮਸਕ, ਬਿਲ ਗੇਟਸ ਅਤੇ ਅਮਰੀਕਾ ਦੇ ਫ਼ੈੱਡਰਲ ਰੀਜ਼ਰਵ ਦੇ ਸਾਬਕਾ ਚੇਅਰਮੈਨ ਬੈੱਨ ਬਰਨਾਨਕੇ ਹਨ। ਬੈੱਨ ਬਰਨਾਨਕੇ ਦਾ ਅਮਰੀਕੀ ਅਰਥ-ਵਿਵਸਥਾ ਅਤੇ ਸਟੌਕ ਮਾਰਕੀਟ 'ਤੇ ਚੰਗਾ ਪ੍ਰਭਾਵ ਹੈ ਅਤੇ ਉਹ ਇੱਕ ਯਹੂਦੀ ਹੈ ਜਿਸ ਨੂੰ ਇਸ ਸੰਗਠਨ ਦੇ ਲੋਕਾਂ ਨੇ ਨਿਸ਼ਾਨਾ ਬਣਾਇਆ ਹੈ। ਵੀਡੀਓ 'ਚ ਅਤਿਵਾਦੀ ਸੰਗਠਨ ਨੇ ਮਾਈਕ੍ਰੋਸੌਫ਼ਟ ਦੇ ਬਿਲ ਗੇਟਸ ਦੇ ਆਪਣੇ ਕਾਰਜਕਾਲ ਦੌਰਾਨ ਦਾ ਪੁਰਾਣਾ ਭਾਸ਼ਣ ਦਿਖਾਇਆ ਹੈ ਅਤੇ ਭਾਰਤੀ ਮੂਲ ਦੇ ਮੌਜੂਦਾ CEO ਸਤਿਆ ਨਡੇਲਾ ਅਤੇ ਸਾਬਕਾ CEO ਸਟੀਵ ਬਾਲਮਰ ਨੂੰ ਵੀ ਨਿਸ਼ਾਨਾ ਬਣਾਉਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਇਹ ਧਮਕੀ ਭਰਿਆ ਵੀਡੀਓ ਅਲ-ਕਾਇਦਾ ਦੀ ਮੀਡੀਆ ਆਰਮ ਅਲ ਮਲਹੇਮ ਮੀਡੀਆ ਦੁਆਰਾ 31 ਦਸੰਬਰ ਨੂੰ ਫ਼ਿਲਿਸਤੀਨ ਦੀ ਸਥਿਤੀ ਨੂੰ ਬਹਾਲ ਕਰਨ ਦੇ ਤਰੀਕੇ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ 'ਚ ਉਸ ਨੇ ਅਮਰੀਕੀ ਯੁੱਧ ਮਸ਼ੀਨ 'ਤੇ ਇਸਲਾਮੀ ਸੰਸਾਰ 'ਚ ਤਬਾਹੀ ਮਚਾਉਣ ਦਾ ਦੋਸ਼ ਲਗਾਇਆ ਅਤੇ ਅਮਰੀਕੀ, ਬ੍ਰਿਟਿਸ਼, ਫ਼ਰਾਂਸੀਸੀ ਅਤੇ ਯੌਰਪੀਅਨ ਮੁਸਲਮਾਨਾਂ ਤੋਂ ਬਦਲਾ ਲੈਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਅਲ-ਕਾਇਦਾ ਨੇ ਓਪਨ ਸੋਰਸ ਜਿਹਾਦ ਮੁਹਿੰਮ ਰਾਹੀਂ ਮੁਸਲਮਾਨਾਂ ਨੂੰ ਲੁਭਾਇਆ ਅਤੇ ਉਨ੍ਹਾਂ ਨੂੰ ਵਿਸਫ਼ੋਟਕ ਬਣਾਉਣ ਦੀ ਲੋੜੀਂਦੀ ਸਿਖਲਾਈ ਦਿੱਤੀ। ਉਦਾਹਰਣ ਵਜੋਂ ਉਸ ਨੇ ਆਤਮ-ਘਾਤੀ ਹਮਲਾਵਰ ਅਬਦੁੱਲਾ ਹਸਨ ਅਲ-ਅਸੀਰੀ ਅਤੇ ਅਲ-ਫ਼ਾਰੂਕ ਦਾ ਹਵਾਲਾ ਦਿੱਤਾ ਜਿਨ੍ਹਾਂ ਨੇ ਡੈਲਟਾ ਏਅਰ ਲਾਈਨਜ਼ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਓਪਨ ਸੋਰਸ ਇੰਟੈਲੀਜੈਂਸ ਟੀਮ ਨੇ ਔਨਲਾਈਨ ਪਲੈਟਫ਼ੌਰਮ ਮੈਟ੍ਰਿਕਸ 'ਤੇ ਚੱਲ ਰਹੇ ਚੈਟ ਰੂਮਾਂ ਰਾਹੀਂ ਅਤਿਵਾਦੀ ਸਮੂਹ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਹੈ।

## ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ

MANN JITT WEEKLY

**Chief Patron:**
Mr. Balbir S, Lalli
B.A.(Hons),LLB(Hons),DIP M.R.S.
**Patrons:**
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)
**Chief Adviser:**
Balbir S. Sekhon(Pamal)
**Advisers:**
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti
**Features Editor:**
Manpreet Daroch
**General Manager:**
Raj Singh
**I.T. Manager:**
Tina Kaur
**Distribution Manager:**
Saab Bhati
**Co-ordinator:**
Mohan S. Mastana
**Advertisement:**
0121 526 6099
**Head Office:**
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com

# ਦੇਸ਼-ਧ੍ਰੋਹ ਕੇਸ 'ਚ ਜਗਤਾਰ ਸਿੰਘ ਹਵਾਰਾ ਬਰੀ



ਚੰਡੀਗੜ੍ਹ: ਸਾਲ 1998 'ਚ ਸੋਹਾਣਾ ਥਾਣਾ ਪੁਲੀਸ ਵਲੋਂ ਦਰਜ ਕੀਤੇ ਗਏ ਦੇਸ਼-ਧ੍ਰੋਹ ਦੇ ਕੇਸ 'ਚ ਜ਼ਿਲ੍ਹਾ ਅਦਾਲਤ ਨੇ ਖ਼ਾਲਿਸਤਾਨੀ ਜੱਥੇਬੰਦੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ ਹੈ। ਅਦਾਲਤ 'ਚ ਸੁਣਵਾਈ ਦੌਰਾਨ ਪੁਲੀਸ ਦੀ ਇਹ ਗੱਲ ਸਾਹਮਣੇ ਆਈ ਕਿ ਕਿਸੇ ਮੁਲਜ਼ਮ 'ਤੇ ਦੇਸ਼-ਧ੍ਰੋਹ ਅਤੇ ਜਾਤੀ ਅਤੇ ਧਰਮ ਦੇ ਆਧਾਰ 'ਤੇ ਦੁਸਮਣੀ ਵਧਾਉਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ, ਪਰ ਪੁਲੀਸ ਨੇ ਇਹ ਮਨਜ਼ੂਰੀ ਨਹੀਂ ਲਈ ਗਈ। ਉਸ ਤੋਂ ਬਾਅਦ ਪੁਲੀਸ ਨੇ ਅਦਾਲਤ ਦੇ ਹੁਕਮਾਂ 'ਤੇ ਸਾਲ 2022 'ਚ ਚਾਰਜਸੀਟ 'ਚੋਂ ਇਨ੍ਹਾਂ ਧਾਰਾਵਾਂ ਨੂੰ ਹਟਾ ਦਿੱਤਾ ਸੀ।

ਸੋਹਾਣਾ ਥਾਣੇ 'ਚ ਜਗਤਾਰ ਸਿੰਘ ਹਵਾਰਾ 'ਤੇ IPC ਦੀ ਧਾਰਾ 153ਏ (ਜ਼ਾਤੀ, ਧਰਮ ਜਾਂ ਭਾਸ਼ਾ ਦੇ ਨਾਮ 'ਤੇ ਦੁਸ਼ਮਣੀ ਨੂੰ ਬੜਾਵਾ ਦੇਣਾ), 124 A (ਦੇਸ਼ ਧ੍ਰੋਹ), 225 (ਕਿਸੇ ਅਪਰਾਧੀ ਦੀ ਗ੍ਰਿਫ਼ਤਾਰੀ 'ਚ ਰੁਕਾਵਟ ਪਾਉਣਾ), 120 B (ਅਪਰਾਧਿਕ ਸਾਜ਼ਿਸ਼) ਅਤੇ 511 (ਉਮਰ ਕੈਦ ਦੀ ਸਜ਼ਾ ਵਰਗਾ ਅਪਰਾਧ) ਤਹਿਤ ਕੇਸ ਦਰਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜਗਤਾਰ ਹਵਾਰਾ ਇਸ ਸਮੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਪਿਛਲੇ ਦੋ ਮਹੀਨਿਆਂ 'ਚ ਉਹ ਚੰਡੀਗੜ੍ਹ ਅਤੇ ਮੋਹਾਲੀ ਦੀਆਂ ਅਦਾਲਤਾਂ 'ਚੋਂ ਤਿੰਨ ਧਮਾਕਾਖੇਜ ਅਤੇ ਦੇਸ਼-ਧ੍ਰੋਹ ਦੇ ਕੇਸਾਂ 'ਚ ਬਰੀ ਕੀਤਾ ਜਾ ਚੁੱਕਿਆ ਹੈ।




ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser's statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.

# ਵਿਲਨਹਾਲ ਨਿਵਾਸੀ ਸ. ਹਰਬੰਸ ਸਿੰਘ ਗਿੱਲ ਸਵਰਗਵਾਸ, ਅੰਤਿਮ ਸੰਸਕਾਰ 16 ਜਨਵਰੀ 2024 ਨੂੰ

## Mr Harbans Singh Gill

It is with sadness that we announce the passing of Mr Harbans Singh Gill. Details of the funeral arrangements are provided below.



Last respects
Tuesday 16th January 2024
11.45am 12.30pm
Guru Nanak Gurdwara, 65-67 Walsall Road, Willenhall WV13 2RD

| Sanskar Service (Cremation service) | Antim Ardass, Sehaj Patth Bhog, Guru ka Langar & Kirtan |
|---|---|
| Tuesday 16th January 2024 | Tuesday 16th January 2024 |
| 1.00 pm | 2.15 pm |
| Mercia Forest Crematorium Broad Ln, Essington, Wolverhampton WV1 2RJ | Guru Nanak Gurdwara, 65-67 Walsall Road, Willenhall WV13 2RD |

ਬੀਤੇ ਦਿਨੀਂ ਵਿਲਨਹਾਲ ਨਿਵਾਸੀ ਸ. ਹਰਬੰਸ ਸਿੰਘ ਗਿੱਲ ਗੁਰੂ ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਸ੍ਰਿਸ਼ਟੀ ਸਾਜਣਹਾਰ ਦੇ ਚਰਨਾਂ ਵਿਚ ਜਾ ਬਰਾਜੇ ਹਨ। ਜ਼ਿਕਰਯੋਗ ਹੈ ਕਿ ਗਿੱਲ ਸਾਹਿਬ ਤਿੰਨ ਦਹਾਕਿਆਂ ਤੋਂ ਇਕ ਸਤਿਕਾਰਯੋਗ ਅਤੇ ਹਸਮੁੱਖ ਚਿਹਰੇ ਵਾਲੇ ਦਾਸ ਦੇ ਗਵਾਂਢੀ ਅਤੇ ਪੜੋਸ ਦੇ ਪੜੋਸੀ ਰਹੇ ਜਿਨ੍ਹਾਂ ਦੀ ਘਾਟ ਹਮੇਸ਼ਾ ਉਨ੍ਹਾਂ ਦੇ ਪ੍ਰੀਵਾਰ ਵਾਂਗੂ ਦਿਲਾਂ ਵਿਚ ਧੜਕਦੀ ਰਹੇਗੀ। ਮਨ ਜਿੱਤ ਅਦਾਰਾ 'ਗਿੱਲ' ਸਾਹਿਬ ਦੇ ਪ੍ਰੀਵਾਰ ਨਾਲ ਹਮਦਰਦੀ ਜਿਤਾਉਂਦਾ ਹੋਇਆ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਉਹ ਵਿਛੜੀ ਆਤਮਾ ਨੂੰ ਸਵਰਗਾਂ ਵਿਚ ਨਿਵਾਸ ਦੇਵੇ ਅਤੇ ਸਬੰਧਿਤ ਪ੍ਰੀਵਾਰਾਂ ਨੂੰ ਵਿਛੋੜਾ ਸਹਿਣ ਦਾ ਬਲ ਬਖ਼ਸ਼ੇ।


ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-



ਜਿਵੇਂ ਧਰੁਨ, ਚੁੱਕ, ਸਲਿੱਪ ਡਿਸਕ, ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ, ਸਟਰੈੱਸ ਜਾਂ ਐਂਗਜ਼ਾਇਟੀ, ਬਲੱਡ ਸਰਕੂਲੇਸ਼ਨ ਜਾਂ ਮਰਦਾਨਾ ਕਮਜ਼ੋਰੀ ਆਦਿ ਤੋਂ ਪੀੜਤ ਹੋ।

ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।



Mr. Singh 07721 827 977

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।

ਸਕਾਈਵੇਜ਼ ਟਰੈਵਲ ਬਰਮਿੰਘਮ



ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-

1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

ਅਸੀਂ ਤੁਹਾਨੂੰ ਸਹੀ ਸਰਕਾਰੀ ਭੱਤੇ ਜਾਂ ਫਾਇਦੇ ਦਿਵਾਉਣ ਵਿੱਚ ਮੱਦਦ ਕਰ ਸਕਦੇ ਹਾਂ ਜਿਨ੍ਹਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਨਹੀਂ ਅਤੇ ਬਣਦੇ ਫਾਇਦਿਆਂ ਤੋਂ ਵਾਂਝੇ ਹੋ।
ਇਹ ਫਾਇਦਾ ਉਠਾਉਣ ਜਾਂ ਸਲਾਹ ਲੈਣ ਲਈ Mr. Khan ਨੂੰ ਇਸ ਨੰਬਰ ਤੇ 07966 137 043 ਜਾਂ Mr. Sandhi ਨੂੰ 07960 518 986 ਤੇ ਸੰਪਰਕ ਕਰੋ।

SKYWAYS TRAVEL BIRMINGHAM LTD.

274B Soho Road, Handsworth B21 9LX
Contact: Mr. & Mrs. Sandhi
Email:skywaystravel1007@hotmail.com
Tel:0121 523 3050(3lines) Or 08456 441 740(3lines)



ਕੇਂਦਰੀ ਪੰਜਾਬੀ ਸਾਹਿਤ ਸਭਾ ਵੁਲਵਰਹੈਂਪਟਨ ' ਦੇ ਸਹਿਯੋਗ ਸਦਕਾ

# ਧਾਰਮਿਕ ਕਵੀ ਦਰਬਾਰ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਜੀ
ਕਿ ਗੁਰੂ ਨਾਨਕ ਸਤਸੰਗ ਗੁਰਦਵਾਰਾ ਸਾਹਿਬ ਵਿਖੇ
ਧਾਰਮਿਕ ਕਵੀ ਦਰਬਾਰ,
ਸਾਹਿਬਜ਼ਾਦਿਆਂ, ਮੋਤੀ ਰਾਮ ਮਹਿਰਾ ਜੀ ਅਤੇ
ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ
ਉਨ੍ਹਾਂ ਦੇ ਪਰਿਵਾਰ ਦੇ ਸੰਬੰਧ ਵਿੱਚ ਕਰਵਾਇਆ ਜਾ ਰਿਹਾ ਹੈ
ਜੀ । ਆਪ ਜੀ ਨੂੰ ਇਸ ਸੰਬੰਧ ਵਿੱਚ ਕਵਿਤਾ ,
ਗੀਤ ਪੜ੍ਹ ਕੇ ਕਵੀ ਦਰਬਾਰ ਵਿੱਚ
ਹਿੱਸਾ ਪਾਉਣ ਵਾਸਤੇ ਸੱਦਾ ਦਿੱਤਾ ਜਾਂਦਾ ਹੈ ਜੀ ।

ਤਰੀਕ 28 ਜਨਵਰੀ 2024
ਸਮਾਂ ਸਵੇਰੇ -11.30 ਤੋਂ 1.30 ਦੁਪਹਿਰ
Guru Nanak Satsang Gurdwara
198, Cannock Road,
Wolverhampton. WV10 0AL

ਵਧੇਰੇ ਜਾਣਕਾਰੀ ਲਈ ਸਪੰਰਕ ਨੰਬਰ 07501038048

ਕਾਰ ਪਾਰਕਿੰਗ ਗੁਰੂਦੁਆਰਾ ਸਾਹਿਬ ਦੇ ਸਾਹਮਣੇ ਹੈ ਜੀ

# Shree Krishan Mandir

123, Penn Road, Wolverhampton WV3 0DU. Telephone: (01902) 772416

## SHREE RAM MANDIR INAUGURATION CELEBRATIONS

will be held
on Monday, 22nd January, 2024
in our Mandir



## Programme

Monday 22-01-2024: 7.00pm – 7.10pm Aarti
7.10pm – 08.30p Kirtan by Shree Krishan Mandir Mandli

You are warmly invited to join in the festivities marking the inauguration of Shree Ram Mandir at AYODHYA(INDIA) on 22-01-24, along with your friends and relatives. Candles will be allowed into the ground floor Langar hall. Let us joyously celebrate this momentous occasion together and seek the blessings of Lord Rama.

Bhandara will be served after the celebrations at 08:30 PM.

Yours in Seva
Shree Krishan Mandir Management Committee

# ਬਿੱਲੀਆਂ ਨੇ ਬਦਲਿਆ 5,000 ਕੈਦੀਆਂ ਦਾ ਵਿਵਹਾਰ



ਸਰੀ: ਚਿਲੀ ਦਾ ਇੱਕ ਹੈਰਾਨ ਕਰ ਦੇਣ ਮਾਮਲਾ ਸਾਹਮਣੇ ਆਇਆ ਹੈ। ਇੱਥੇ ਬਿੱਲੀਆਂ ਕਾਰਨ ਖ਼ਤਰਨਾਕ ਕੈਦੀਆਂ ਦੇ ਵਿਵਹਾਰ ’ਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਚਿਲੀ ਦੀ ਰਾਜਧਾਨੀ ਸੈਂਟੀਐਗੋ ਦੀ 180 ਸਾਲ ਪੁਰਾਣੀ ਜੇਲ੍ਹ ’ਚ ਦੇਸ਼ ਦੇ ਸਭ ਤੋਂ ਖ਼ਤਰਨਾਕ ਅਪਰਾਧੀਆਂ ਨੂੰ ਰੱਖਿਆ ਗਿਆ ਹੈ। ਇਹੀ ਕਾਰਨ ਹੈ ਕਿ ਆਮ ਤੌਰ ’ਤੇ ਜੇਲ੍ਹ ’ਚ ਕੈਦੀਆਂ ’ਚ ਲੜਾਈ-ਝਗੜੇ ਵੀ ਹੁੰਦੇ ਰਹਿੰਦੇ ਹਨ, ਪਰ ਹੁਣ ਸਥਿਤੀ ਪਹਿਲਾਂ ਵਰਗੀ ਨਹੀਂ। ਕੈਦੀਆਂ ਦਾ ਗੁੱਸਾ ਘੱਟ ਗਿਆ ਹੈ। ਹੁਣ ਉਹ ਸਾਂਤ ਰਹਿਣ ਲੱਗ ਪਏ ਹਨ, ਅਤੇ ਇੱਕ ਦੂਜੇ ਨਾਲ ਉਨ੍ਹਾਂ ਦੇ ਰਿਸ਼ਤੇ ਸੁਧਰ ਗਏ ਹਨ। ਇਸ ਦਾ ਕਾਰਨ ਬਿਲੀਆਂ ਹਨ।

5, 600 ਕੈਦੀਆਂ ਦੀ ਜੇਲ੍ਹ ’ਚ ਕਰੀਬ 300 ਬਿੱਲੀਆਂ ਆਜ਼ਾਦ ਘੁੰਮਦੀਆਂ ਹਨ। ਪਹਿਲਾਂ ਇਹ ਆਵਾਰਾ ਬਿੱਲੀਆਂ ਚੂਹਿਆਂ ਨੂੰ ਫੜਨ ਲਈ ਜੇਲ੍ਹ ’ਚ ਆਉਂਦੀਆਂ ਸਨ, ਅਤੇ ਜੇਲ੍ਹ ਦੀਆਂ ਉੱਚੀਆਂ ਕੰਧਾਂ ’ਤੇ ਬੈਠੀਆਂ ਰਹਿੰਦੀਆਂ ਸਨ। ਬਾਅਦ ’ਚ ਉਹ ਕੈਦੀਆਂ ਦੀਆਂ ਕੋਠੜੀਆਂ ’ਚ ਆਉਣ ਲੱਗੀਆਂ। ਸ਼ੁਰੂ ’ਚ ਕੈਦੀਆਂ ਨੂੰ ਉਨ੍ਹਾਂ ਨਾਲ ਮੁਸ਼ਕਿਲਾਂ ਆਈਆਂ, ਪਰ ਬਾਅਦ ’ਚ ਉਹ ਚੰਗੀ ਤਰ੍ਹਾਂ ਨਾਲ ਘੁੱਲ ਮਿਲ ਗਏ। ਹੁਣ ਉਹ ਉਨ੍ਹਾਂ ਨਾਲ ਕੋਠੜੀਆਂ ’ਚ ਰਹਿੰਦੀਆਂ ਹਨ। ਕਈ ਕੈਦੀਆਂ ਨੇ ਉਨ੍ਹਾਂ ਨੂੰ ਗੋਦ ਲਿਆ ਹੋਇਆ ਹੈ। ਕੈਦੀ ਉਨ੍ਹਾਂ ਨਾਲ ਖੇਡਦੇ ਹਨ, ਅਤੇ ਉਨ੍ਹਾਂ ਨੂੰ ਖਾਣਾ ਖੁਆਉਂਦੇ ਹਨ। ਉਨ੍ਹਾਂ ਦੇ ਨਾਂ ਵੀ ਰੱਖੇ ਗਏ ਹਨ। ਜੇਲ੍ਹ ਵਾਰਡਨ ਕਰਨਲ ਹੈਲਨ ਲੀਲ ਗੋਂਜ਼ਾਲੇਜ਼ ਦਾ ਕਹਿਣਾ ਹੈ, “ਬਿੱਲੀਆਂ ਕਾਰਨ ਕੈਦੀਆਂ ਦਾ ਮੂਡ ਬਦਲ ਗਿਆ ਹੈ। ਉਨ੍ਹਾਂ ਅੰਦਰ ਜ਼ਿੰਮੇਵਾਰੀਆਂ ਦੀ ਭਾਵਨਾ ਪੈਦਾ ਹੋਈ ਹੈ। ਹੁਣ ਉਹ ਚੀਜ਼ਾਂ ਨੂੰ ਸੰਭਾਲਣ ਲੱਗ ਪਏ ਹਨ।”

# ਲੋਹੜੀ ਦੀਆਂ ਵਧਾਈਆਂ



ਯੂਕੇ ਦੇ ਮਸ਼ਹੂਰ ਸਮਾਜ ਸੇਵਕ ਅਤੇ ‘ਗੁਰੂ ਗੋਬਿੰਦ ਸਿੰਘ ਐਨ ਆਰ ਆਈ ਨਿਵਾਸ ਸ਼੍ਰੀ ਅੰਮ੍ਰਿਤਸਰ ਵਿਖੇ ਆਪਣਾ ਮਹਾਂ ਯੋਗਦਾਨ ਪਾਉਣ ਵਾਲੇ ਸ. ਹਰਭਜਨ ਸਿੰਘ ਖੈਹਰਾ ਜਿਨ੍ਹਾਂ ਦੇ ਨਾਲ ਡਾ. ਮਹਿਤਾ ਅਤੇ ਸਮਾਜ ਸੇਵੀ ਸ. ਇੰਦਰਜੀਤ ਸਿੰਘ ਦੜੋਚ ਹੁਰਾਂ ਨੇ ਦਾਸ ਦੇ ਗ੍ਰਿਹ ਵਿਖੇ ਆਕੇ ਪੂਰੇ ਸੰਸਾਰ ਨੂੰ ਲੋਹੜੀ ਦੀਆਂ ਵਧਾਈਆਂ ਦਿੰਦੇ ਕਿਹਾ ਕਿ ਸਾਨੂੰ ਸਾਰਿਆਂ ਨੂੰ ‘ਧੀਆਂ ਦੀਆਂ ਲੋਹੜੀਆਂ ਵੀ ਪੁੱਤਰਾਂ ਵਾਂਗ ਮਨਾਉਣੀਆਂ ਚਾਹੀਦੀਆਂ ਹਨ।

## ਆਪ ਅਤੇ ਕਾਂਗਰਸ ’ਚ ਸਿਆਸੀ ਗੱਠਜੋੜ ਦੇ ਆਸਾਰ ਬਹੁਤ ਮੱਧਮ

ਚੰਡੀਗੜ੍ਹ- ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦਰਮਿਆਨ ਪੰਜਾਬ ’ਚ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਸੇ ਤਰ੍ਹਾਂ ਦਾ ਸਿਆਸੀ ਗੱਠਜੋੜ ਹੋਣ ਦੀ ਸੰਭਾਵਨਾ ਖਟਾਈ ’ਚ ਪੈ ਗਈ ਜਾਪਦੀ ਹੈ। ਪੰਜਾਬ ’ਚ ਸਿਆਸੀ ਗੱਠਜੋੜ ਬਣਨ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੇ ਰਾਹ ਅੱਡ ਹੋ ਗਏ ਜਾਪਦੇ ਹਨ ਕਿਉਂਕਿ ਦੋਵਾਂ ਨੇ ਵੱਖੋ-ਵੱਖਰੇ ਤੌਰ ’ਤੇ ਚੋਣ ਲੜਨ ਦੀ ਤਿਆਰੀ ਵਿੱਢ ਦਿੱਤੀ ਹੈ ਹਾਲਾਂਕਿ ਪੰਜਾਬ ਕਾਂਗਰਸ ਦਾ ਇੱਕ ਧੜਾ ਜਿਸ ’ਚ ਕਈ ਮੌਜੂਦਾ ਸੰਸਦ ਮੈਂਬਰ ਵੀ ਸ਼ਾਮਿਲ ਹਨ, ਆਪ ਨਾਲ ਗੱਠਜੋੜ ਲਈ ਤਤਪਰ ਸਨ।

# ਧੰਨਵਾਦ NHS



**“ ਜਿਨ ਕੀਆ ਤਿਸੁ ਚੀਤੁ ਰਖੁ”**
**“ਜੋ ਤੁਮ ਕਰੁਹ ਸੋਈ ਭਲਿ ਹਮਰੈ”**

ਦੇ ਮਹਾਂਵਾਕ ਅਨੁਸਾਰ ਹਰ ਪ੍ਰਾਣੀ ਨੂੰ ਪਰਮ ਆਤਮਾ ਦੇ ਇਸ ਵਿਸ਼ੇਸ਼ ਹੁਕਮ ਨੂੰ ਸੱਚ ਮੰਨਕੇ ਅਪਣਾ ਲੈਣ ਵਿੱਚ ਜਿਨੀ ਤਸੱਲੀ ਮਨ ਨੂੰ ਮਿਲਦੀ ਹੈ ਬਜਾਇ ਝੂਠੀਆਂ ਆਸਾਂ ਰੱਖਣ ਦੇ, ਉਸਦਾ ਅੰਦਾਜ਼ਾ ‘ਗੁਰੂ ਦਾ ਹੁਕਮ’ ਮੰਨਣ ਤੋਂ ਬਾਅਦ ਹੀ ਲੱਗਦਾ ਹੈ।“ ਗੁਰੂ ਨਾਨਕ ਦੇਵ” ਜੀ ਦਾ ਫ਼ੁਰਮਾਣ ਹੈ ਕਿ ‘ਨਾਨਕ ਦੁਖੀਆ ਸਭ ਸੰਸਾਰ ॥ਸੋ ਸੁਖੀਆ ਜਿਸ ਨਾਮ ਅਧਾਰ॥’ ਇਸ ਲਈ ਹਰ ਪ੍ਰਾਣੀ ਨੂੰ ਇਸ ਅਟੱਲ ਸੱਚਾਈ ਤੇ ਵਿਸ਼ਵਾਸ਼ ਕਰਨ ਵਿੱਚ ਫਾਇਦਾ ਹੀ ਫਾਇਦਾ ਹੈ।ਦਾਸ ਨੂੰ ਗੁਰੂ ਹੁਕਮ ਨਾਲ ਕਿਸੇ ਸ੍ਰੀਰਕ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਸ਼ਾਇਦ ਇਸ ਕਰਕੇ ਕਿ ਦਾਸ ਨੇ ਇੱਕ ਗੀਤ ਲਿਖਿਆ ਸੀ ਜਿਸਨੂੰ ਉੱਘੇ ਗਾਇਕ ‘ਪਰਗਣ ਭੰਡਾਲ’ ਨੇ ਗਾਇਆ, ਜਿਸਦੇ ਬੋਲ ਹਨ” ਜੇ ਬੰਦਿਆ ਤੂੰ ਖੁਸ਼ ਰਹਿਣਾ ਹੈ, ਮੰਨ ਲੈ ਮੇਰੀ ਇੱਕ ਸਲਾਹ।ਜੋ ਕਰ ਸਕਦੈਂ ਕਰਦਾ ਜਾਹ, ਜੋ ਹੋਈ ਜਾਂਦੈ ਜਰਦਾ ਜਾਹ।ਜੋ ਹੋਣਾ ਹੈ ਹੋਈ ਜਾਣੈ ਉਸਦੀ ਨਾ ਤੂੰ ਕਰ ਪ੍ਰਵਾਹ।ਇੱਕ ਦਾਤਾਰ ਦੇ ਬਾਝੋਂ ਤੇਰਾ, ਹੋਰ ਨਹੀਂ ਕੋਈ ਖ਼ੈਰ ਖ਼ੁਆਹ।ਰੱਖ ਭਰੋਸਾ ਉਸਤ ਮਿੱਤਰਾ ,ਹੋਰ ਕਿਸੇ ਤੇ ਆਸ ਨਾ ਲਾ।

(ਜੋ ਯੂ ਟਿਊਬ ਤੇ ਸੁਣਿਆ ਜਾ ਸਕਦਾ ਹੈ।)

ਪਰਮ ਆਤਮਾ ਨੇ ਸੋਚਿਆ ਹੋਣੈ ਕਿ ‘ਕਰਮ’ ਗੱਲਾਂ ਤਾਂ ਅਜਿਹੀਆਂ ਕਰਦਾ ਹੈ, ਜਰਾ ਦੇਖੀਏ ਤਾਂ ਸਹੀ ਇਸਨੂੰ ਅਜ਼ਮਾਕੇ। ਦਾਸ ਧੰਨਵਾਦੀ ਹੈ ਅਕਾਲ ਪੁਰਖ ਦਾ ਜਿਸਨੇ ਦਾਸ ਨੂੰ ਇਸ ਇੰਮਤਹਾਨ ਵਿੱਚੋਂ ਪਾਸ ਕਰ ਦਿੱਤਾ।ਇਸ ਤੋਂ ਵੱਧ ਧੰਨਵਾਦੀ ਹਾਂ ਮੇਰੇ ਨਿੱਜੀ ਡਾ.ਸ. ਸਹੋਤਾ ਦਾ ਜਿਨ੍ਹਾਂ ਮੈਨੂੰ ਨੇਕ ਸਲਾਹ ਦੇਕੇ ‘ਰੱਬ ਰੂਪ ਦਿਆਲੂ ਤੁਜ਼ਰਬੇਕਾਰ ਕੰਨਸਲਟੈਂਟਸ ਅਤੇ ਐਨ ਐਚ ਐਸ ਸਟਾਫ’ ਕੋਲ ਮੇਰੀ ਬਿਹਤਰੀ ਲਈ ਭੇਜ ਦਿੱਤਾ। ਦਾਸ ਉਨ੍ਹਾਂ ਦੀ ਉਸਤਿਤ ਅਤੇ ਧੰਨਵਾਦ ਕਰਨ ਤੋਂ ਬਗੈਰ ਨਹੀਂ ਰਹਿ ਸਕਦਾ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਉਨ੍ਹਾਂ ਨੂ ਸਦਾ ਚੜ੍ਹਦੀ ਕਲਾ ਵਿੱਚ ਰੱਖੇ।


ਹਰ ਸਾਈਜ਼ ਦੀਆਂ ਸਕਿੱਪਾਂ ਲਈ ਸਾਨੂੰ ਫੋਨ ਕਰੋ।
“ਅਸੀਂ ਭਰਤੀ ਲਈ ਮਿੱਟੀ ਅਤੇ ਹਾਰਡ ਕੋਰ ਵੀ ਸਪਲਾਈ ਕਰਦੇ ਹਾਂ।”
No.1 Skip


Contact : Neka Marryuria
Tel: 0121-553-1702, 07506-712-284
Email: no1skiphire@talktalk.net
Palace Drive Off Spon Lane South Smethwick West Midlands B66 1NZ



Snacks & Sweets

Authentic Indian Food Takeaway
• ਇੰਡੀਅਨ ਸਵਾਦਲੇ ਵੈਜ ਅਤੇ ਨੌਨ ਵੈਜ ਖਾਣੇ
• ਤਾਜ਼ੀਆਂ ਮਠਿਆਈਆਂ
• ਸਮੋਸੇ • ਸਪਰਿੰਗ ਰੋਲਜ਼
• ਹਰ ਤਰ੍ਹਾਂ ਦੇ ਵੈਜ ਅਤੇ ਨੌਨ ਵੈਜ ਪਕੌੜੇ
• Onion Bhaji
• Naans • Paranthey
200 ਮਹਿਮਾਨਾਂ ਤੱਕ £4.99 ਤੋਂ ਲੈਕੇ £6.49p
ਇਸ ਤੋਂ ਵੱਧ ਮਹਿਮਾਨਾਂ ਲਈ ਹੋਰ Discount
Full Service Available
Terms Conditions Apply
4 ਵੈਜ ਸਮੋਸੇ for £1.00 only
ਲੱਡੂ £2.49 lb.
10% Discount for NHS Police and Care Homes
ਮਹੀਨਾ ਪਹਿਲਾਂ ਕੇਟਰਿੰਗ ਬੁੱਕ ਕਰਵਾਉਣ ਵਾਲੇ ਨੂੰ 15% Discount
Free Delivery within the Radius of 3Miles Order Over £10
Please Call : Surinder Sharma
01902 864 360 iK 07760 385 289
312 Prestwood Road, Wednesfield Wolverhampton WVII IRH.

# 400 ਸਾਲ ਪੁਰਾਣੀ UK ਦੀ ਖ਼ੌਫ਼ਨਾਕ ਜੇਲ੍ਹ ’ਚ ਕੈਦੀਆਂ ਦੀ ਤਰ੍ਹਾਂ ਰਾਤ ਗੁਜ਼ਾਰਦੇ ਨੇ ਸੈਲਾਨੀ

ਵਾਟਰਲੂ: UK ਦੀ ਇੱਕ 400 ਸਾਲ ਪੁਰਾਣੀ ਜੇਲ੍ਹ ਹੈ ਜਿਸ ਨੂੰ ਉੱਥੋਂ ਦੀ ਸਭ ਤੋਂ ਖ਼ੌਫ਼ਨਾਕ ਜਗ੍ਹਾ ਮੰਨਿਆ ਜਾਂਦਾ ਹੈ। ਹੁਣੇ ਜਿਹੇ ਇਹ ਜੇਲ੍ਹ ਸੁਰਖ਼ੀਆਂ ’ਚ ਆ ਗਈ ਜਦੋਂ ਐਨ ਮੌਕੇ ’ਤੇ ਇਸ ਨੂੰ ਬੰਦ ਕਰਨ ਤੋਂ ਰੋਕ ਦਿੱਤਾ ਗਿਆ। ਸ਼ੈਪਟਨ ਮੈਲੇਟ ਪ੍ਰਿਜ਼ਨ ਨਾਂ ਦੀ ਇੱਕ ਲੋਕਪ੍ਰਿਯ ਟੂਰਿਸਟ ਜਗ੍ਹਾ ਨੂੰ ਬੰਦ ਕੀਤਾ ਜਾ ਰਿਹਾ ਸੀ। ਇਸ ਰੋਕ ਨਾਲ ਕਈ ਸੈਲਾਨੀ ਬਹੁਤ ਖ਼ੁਸ਼ ਹਨ। 2 ਜਨਵਰੀ ਨੂੰ ਉਸ ਨੂੰ ਬੰਦ ਕਰਨ ਦੀ ਗੱਲ ਤੈਅ ਹੋ ਚੁੱਕੀ ਸੀ, ਪਰ ਉਸ ਦੇ ਮਾਲਕ ਸਿਟੀ ਐਂਡ ਕੰਟਰੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਹੁਣ ਇਹ ਜੇਲ੍ਹ 2024 ਤਕ ਬੰਦ ਨਹੀਂ ਹੋਵੇਗੀ।

ਇਸ ਨਾਲ ਨਾ ਸਿਰਫ਼ ਇੱਥੇ ਕੰਮ ਕਰਨ ਵਾਲੇ ਕਰਮਚਾਰੀ ਖ਼ੁਸ਼ ਹਨ ਸਗੋਂ ਸੈਲਾਨੀ ਵੀ ਬਹੁਤ ਰਾਹਤ ਮਹਿਸੂਸ ਕਰ ਰਹੇ ਹਨ। ਜੇਲ੍ਹ ਦਾ ਰੱਖ-ਰਖਾਅ ਕਰਨ ਵਾਲੀ ਏਜੰਸੀ ਨੇ ਵੀ ਇਸ ਵਿਰਾਸਤ ਦੇ ਖੁੱਲ੍ਹੇ ਰਹਿਣ ’ਤੇ ਖ਼ੁਸ਼ੀ ਪ੍ਰਗਟਾਈ ਹੈ ਜਦੋਂ ਕਿ ਸੋਸ਼ਲ ਮੀਡੀਆ ’ਤੇ ਲੋਕਾਂ ਨੇ ਇਸ ਦੇ ਖੁੱਲ੍ਹੇ ਰਹਿਣ ’ਤੇ ਖ਼ੁਸ਼ੀ ਜ਼ਾਹਿਰ ਕੀਤੀ ਹੈ।

ਇਹ ਇਤਿਹਾਸਕ ਜੇਲ੍ਹ ਲਗਭਗ 400 ਸਾਲ ਪਹਿਲਾਂ 1600 ਦੇ ਆਸ-ਪਾਸ ਬਣੀ ਸੀ, ਅਤੇ ਇਸ ਜੇਲ੍ਹ ’ਚ ਪਹਿਲਾ ਕੈਦੀ 1625 ’ਚ ਆਇਆ ਸੀ ਅਤੇ ਆਖਰੀ ਕੈਦੀ 2013 ਤਕ ਰਿਹਾ ਸੀ। 2017 ’ਚ ਇਸ ਨੂੰ ਸੈਲਾਨੀਆਂ ਲਈ ਖੋਲ੍ਹ ਦਿੱਤਾ ਗਿਆ। ਇੱਥੋਂ ਤਕ ਕਿ ਇਸ ਜੇਲ੍ਹ ’ਚ ਰਾਤ ਨੂੰ ਰਹਿਣ ਦਾ ਬਦਲ ਸਾਲ 2020 ’ਚ ਲੋਕਾਂ ਨੂੰ ਦਿੱਤਾ ਜਾਣ ਲੱਗਾ। ਇੱਥੇ ਰਹਿ ਕੇ ਲੋਕ ਉਸ ਮਾਹੌਲ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ ਕਿ ਜਿੱਥੇ ਕੈਦੀ ਰਹਿੰਦੇ ਸਨ। ਇਥੇ ਰਹਿ ਚੁੱਕੇ ਸੈਲਾਨੀਆਂ ਦਾ ਕਹਿਣਾ ਹੈ ਕਿ ਇਹ UK ਦੀ ਸਭ ਤੋਂ ਖ਼ੌਫ਼ਨਾਕ ਜੇਲ੍ਹ ਸੀ। ਬਹਾਦੁਰ ਸੈਲਾਨੀਆਂ ਨੂੰ ਇੱਕ ਰਾਤ ਇੱਕ ਪੁਰਾਣੇ ਸੈੱਲ ’ਚ ਗੁਜ਼ਾਰਨ ਲਈ ਸਿਰਫ਼ 49 ਪਾਊਂਡ ਖ਼ਰਚ ਕਰਨੇ ਪੈਂਦੇ ਹਨ। ਇਹ ਤਜਰਬਾ ਇਸ ਜੇਲ੍ਹ ਦਾ ਸਭ ਤੋਂ ਵੱਡਾ ਆਕਰਸ਼ਣ ਹੈ, ਅਤੇ ਇਥੇ ਰਹਿ ਕੇ ਲੋਕ ਕੈਦੀਆਂ ਦੇ ਤਜਰਬਿਆਂ ਨੂੰ ਸਾਂਝਾ ਕਰਦੇ ਹਨ। ਇੱਥੋਂ ਦੇ ਸੈੱਲਾਂ ਦੇ ਬਿਸਤਰੇ ਬਹੁਤ ਹੀ ਅਸਹਿਜ ਹਨ ਅਤੇ ਸੈਲਾਨੀਆਂ ਨੂੰ ਵੀ ਸਵੇਰੇ ਨਾਸ਼ਤੇ ’ਚ ਨਰਮ ਦਲੀਆ ਦਿੱਤਾ ਜਾਂਦਾ ਹੈ ਜੋ ਪਹਿਲਾਂ ਕੈਦੀਆਂ ਨੂੰ ਦਿੱਤਾ ਜਾਂਦਾ ਸੀ। ਦਿਲਚਸਪ ਗੱਲ ਇਹ ਹੈ ਕਿ 2020 ’ਚ ਇਸ ਨੂੰ ਇੱਕ ਹੋਟਲ ’ਚ ਬਦਲ ਦਿੱਤਾ ਗਿਆ ਸੀ



ਜਿਸ ’ਚ ਇੱਥੋਂ ਦੀ ਸੈੱਲ ਨੂੰ ਬੈਡਰੂਮ ਦੀ ਤਰ੍ਹਾਂ ਰੱਖਿਆ ਜਾਂਦਾ ਹੈ।

# ਨਵੇਂ ਸਾਲ ’ਤੇ UAE ’ਚ ਭਾਰਤੀ ਡਰਾਇਵਰ ਨੇ ਜਿੱਤੇ 45 ਕਰੋੜ

ਯੂਏਈ: ਸੰਯੁਕਤ ਅਰਬ ਅਮੀਰਾਤ (UAE) ’ਚ ਰਹਿਣ ਵਾਲੇ ਇੱਕ ਭਾਰਤੀ ਵਿਅਕਤੀ ਦੀ ਕਿਸਮਤ ਇੱਕ ਪਲ ’ਚ ਬਦਲ ਗਈ। ਜਿਸ ’ਤੇ ਉਹ ਖ਼ੁਦ ਵਿਸ਼ਵਾਸ ਨਹੀਂ ਕਰ ਪਾ ਰਿਹਾ। ਇਹ ਵਿਅਕਤੀ ਇਸ ਸਮੇਂ ਦੁਬਈ ’ਚ ਰਹਿ ਰਿਹਾ ਹੈ ਅਤੇ ਇੱਕ ਡਰਾਇਵਰ ਵਜੋਂ ਕੰਮ ਕਰਦਾ ਹੈ। ਉਸ ਨੇ 45 ਕਰੋੜ ਰੁਪਏ ਜਿੱਤੇ ਹਨ। ਵਿਅਕਤੀ ਦਾ ਨਾਂ ਮੁਨੱਵਰ ਫ਼ਿਰੋਜ਼ ਹੈ। ਉਸ ਨੇ ਇੱਥੇ ਲਾਟਰੀ ਜਿੱਤੀ ਹੈ। ਉਸ ਨੇ 31 ਦਸੰਬਰ ਨੂੰ ਬਿੱਗ ਟਿਕਟ ਲਾਈਵ ਡਰਾਅ ’ਚ 20 ਮਿਲੀਅਨ UAE ਦਿਰਾਹਮ ਦਾ ਜੈਕਪੌਟ ਇਨਾਮ ਜਿੱਤਿਆ। ਨਵੇਂ ਸਾਲ ਦੀ ਸ਼ੁਰੂਆਤ ਮੁਨੱਵਰ ਲਈ ਬਹੁਤ ਖਾਸ ਹੋਈ ਹੈ। ਉਸ ਨੇ ਆਪਣੇ ਨਾਂ ’ਤੇ ਲਾਟਰੀ ਲਈ ਜਿਹੜੀ ਟਿਕਟ ਖ਼ਰੀਦੀ ਸੀ, ਉਸ ਲਈ 30 ਲੋਕਾਂ ਨੇ ਮਿਲ ਕੇ ਭੁਗਤਾਨ ਕੀਤਾ ਸੀ। ਹੁਣ ਜਿੱਤੀ ਰਕਮ ਇਨ੍ਹਾਂ ਸਾਰੇ ਲੋਕਾਂ ’ਚ ਵੰਡੀ ਜਾਵੇਗੀ। ਖਲੀਜ ਟਾਈਮਜ਼ ਦੀ ਰਿਪੋਰਟ ਮੁਤਾਬਿਕ ਮੁਨੱਵਰ ਬਿੱਗ ਟਿਕਟ ਦਾ ਲੰਬੇ ਸਮੇਂ ਤੋਂ ਗਾਹਕ ਹੈ। ਉਹ ਪਿਛਲੇ ਪੰਜ ਸਾਲਾਂ ਤੋਂ ਹਰ ਮਹੀਨੇ ਲਾਟਰੀ ਦੀਆਂ ਟਿਕਟਾਂ ਖ਼ਰੀਦ ਰਿਹਾ ਹੈ। ਉਸ ਨੇ ਕਿਹਾ ਕਿ ਉਸ ਨੂੰ ਅਜੇ ਵੀ ਵਿਸ਼ਵਾਸ ਨਹੀਂ ਹੋ ਰਿਹਾ ਕਿ ਉਸ ਨੇ ਲਾਟਰੀ ਜਿੱਤੀ ਹੈ। ਮੁਨੱਵਰ ਨੇ ਕਿਹਾ, “ਇਮਾਨਦਾਰੀ ਨਾਲ ਦੱਸੇ ਤਾਂ ਉਸ ਨੂੰ ਅਜਿਹਾ ਹੋਣ ਦੀ ਉਮੀਦ ਨਹੀਂ ਸੀ, ਇਸ ਲਈ ਉਸ ਨੂੰ ਅਜੇ ਵੀ ਯਕੀਨ ਨਹੀਂ ਹੋ ਰਿਹਾ।” ਉਸ ਨੇ ਅੱਗੇ ਕਿਹਾ, “ਮੈਨੂੰ ਅਜੇ ਵੀ ਵਿਸ਼ਵਾਸ ਨਹੀਂ ਹੋ ਰਿਹਾ ਅਤੇ ਕੁੱਝ ਸਮੇਂ ਲਈ ਆਪਣੇ ਵਿਕਲਪਾਂ ’ਤੇ ਵਿਚਾਰ ਕਰਨ ਦੀ ਜ਼ਰੂਰਤ ਹੋਏਗੀ।” ਮੁਨੱਵਰ ਤੋਂ ਇਲਾਵਾ ਦਸ ਹੋਰ ਜੇਤੂਆਂ ਨੂੰ ਲਗਭਗ 22-22 ਲੱਖ ਰੁਪਏ ਮਿਲੇ ਹਨ। ਇਨ੍ਹਾਂ ’ਚ ਭਾਰਤੀ, ਫ਼ਿਲਿਸਤੀਨੀ, ਲਿਬਨਾਨੀ ਅਤੇ ਸਾਊਦੀ ਅਰਬ ਦੇ ਨਾਗਰਿਕ ਸ਼ਾਮਿਲ ਹਨ। ਗਲਫ਼ ਨਿਊਜ਼ ਦੀ ਰਿਪੋਰਟ ਮੁਤਾਬਿਕ UAE ’ਚ ਕਈ ਹੋਰ ਭਾਰਤੀਆਂ ਨੇ ਲਾਟਰੀ ਜਿੱਤੀ ਹੈ। 31 ਦਸੰਬਰ ਨੂੰ ਸੁਤੇਸ਼ ਕੁਮਾਰ ਕੁਮਾਰੇਸ਼ਨ ਨਾਂ ਦੇ ਭਾਰਤੀ ਵਿਅਕਤੀ ਨੇ ਵੀ ਲਾਟਰੀ ਜਿੱਤੀ ਸੀ। ਉਸ ਨੂੰ ਤਕਰੀਬਨ ਦੋ ਕਰੋੜ ਰੁਪਏ ਮਿਲੇ ਹਨ। ਸੁਤੇਸ ਇਤਿਹਾਦ ਏਅਰਵੇਜ਼ ’ਚ ਇੰਜੀਨੀਅਰ ਹੈ ਅਤੇ ਅਬੂਧਾਬੀ ’ਚ ਰਹਿੰਦਾ ਹੈ।

# ਪਾਕਿਸਤਾਨਣ ਬਣੀ CAPIAA ਦੀ ਮੁਖੀ





ਵੈਨਕੂਵਰ: ਅਮਰੀਕਾ ’ਚ ਪਾਕਿਸਤਾਨੀ ਮੂਲ ਦੀ ਖੀਦੀਜਾ ਆਲਮ ਨੂੰ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਆਲਮ ਨੂੰ ਏਸ਼ੀਅਨ ਐਂਡ ਪੈਸੇਫ਼ਿਕ ਆਈਸਲੈਂਡਰ ਅਮੈਰਿਕਨ ਅਫ਼ੇਅਰਜ਼ ਦੇ ਕੈਲੇਫ਼ੋਰਨੀਆ ਕਮਿਸ਼ਨ ਦੀ ਮੁਖੀ ਨਿਯੁਕਤ ਕੀਤਾ ਗਿਆ ਹੈ। ਇੱਥੇ ਰਾਜ ਭਵਨ ’ਚ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਕੈਲੇਫ਼ੋਰਨੀਆ ਵਿਧਾਨ ਸਭਾ ਦੇ ਸਪੀਕਰ ਰੌਬਰਟ ਕਿਵਾਸ ਨੇ ਦਿਵਾਈ।

ਇਸ ਮੌਕੇ ਆਲਮ ਦੇ ਪਰਿਵਾਰਕ ਮੈਂਬਰ, ਦੋਸਤ ਅਤੇ ਹੋਰ ਅਧਿਕਾਰੀ ਮੌਜੂਦ ਸਨ। ਇਸ ਮੌਕੇ ਰਾਜ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਏਸ਼ੀਅਨ ਅਤੇ ਪ੍ਰਸ਼ਾਂਤ ਮਹਾਂਸਾਗਰ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਨੇ ਸਾਡੇ ਰਾਜ ਨੂੰ ਅਣਗਿਣਤ ਢੰਗਾਂ ਨਾਲ ਅਮੀਰ ਅਤੇ ਮਜ਼ਬੂਤ ਬਣਾਇਆ ਹੈ।

ਕੈਲੇਫ਼ੋਰਨੀਆ ਕਮਿਸ਼ਨ ਦੀ ਨਵੀਂ ਮੁਖੀ ਆਲਮ ਨੂੰ ਇੱਕ ਦਹਾਕੇ ਤੋਂ ਵੱਧ ਸਮੇਂ ਦਾ ਰਾਜ ਦੇ ਕਈ ਤਰਜੀਹੀ ਮੁੱਦਿਆਂ ’ਤੇ ਕੰਮ ਕਰਨ ਦਾ ਤਜਰਬਾ ਹੈ। ਜ਼ਿਕਰਯੋਗ ਹੈ ਕਿ ਕੈਲੇਫ਼ੋਰਨੀਆ ’ਚ ਕਾਨੂੰਨ ਤਹਿਤ ਗਠਿਤ ਇਹ ਪਹਿਲਾ ਨਸਲ ਆਧਾਰਿਤ ਕਮਿਸ਼ਨ ਹੈ, ਜੋ ਏਸ਼ੀਆਈ ਅਮਰੀਕੀਆਂ ਅਤੇ ਪ੍ਰਸ਼ਾਂਤ ਮਹਾਂਸਾਗਰ ਖਿੱਤੇ ਦੇ ਆਈਸਲੈਂਡਰ ਅਮਰੀਕੀਆਂ ਦੀ ਭਿੰਨਤਾ ਨਾਲ ਜੁੜੇ ਮੁੱਦਿਆ, ਲੋੜਾਂ ਅਤੇ ਚਿੰਤਾਵਾਂ ਦੇ ਹੱਲ ਲਈ ਬਣਾਇਆ ਗਿਆ ਹੈ।

# ਦੱਖਣੀ ਅਤੇ ਉੱਤਰੀ ਕੋਰੀਆ ਵਿਚਾਲੇ ਵਧੀ ਤਲਖ਼ੀ

ਗੀਜਾਈਨਾ: ਦੱਖਣੀ ਕੋਰੀਆ ਦਾ ਕਹਿਣਾ ਹੈ ਕਿ ਉਤਰੀ ਕੋਰੀਆ ਨੇ ਲਗਾਤਾਰ ਤਨਾਅਪੂਰਨ ਸਮੁੰਦਰੀ ਸਰਹੱਦ ਨੇੜੇ ਤੋਪਾਂ ਨਾਲ ਗੋਲੇ ਦਾਗ਼ੇ।



ਦੱਖਣੀ ਕੋਰੀਆ ਦੀ ਫ਼ੌਜ ਦਾ ਕਹਿਣਾ ਹੈ ਕਿ ਉਤਰੀ ਕੋਰੀਆ ਨੇ ਐਤਵਾਰ ਦੁਪਹਿਰ ਨੂੰ 90 ਤੋਂ ਵੱਧ ਗੋਲੇ ਦਾਗ਼ੇ। ਦੱਖਣੀ ਕੋਰੀਆ ਨੇ ਉੱਤਰੀ ਕੋਰੀਆ ਨੂੰ ਆਪਣੀਆਂ ਭੜਕਾਊ ਕਾਰਵਾਈਆਂ ਬੰਦ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ। ਉੱਤਰੀ ਕੋਰੀਆ ਨੇ ਮੰਨਿਆ ਕਿ ਉਸ ਨੇ ਤੋਪਾਂ ਨਾਲ ਗੋਲਾਬਾਰੀ ਕੀਤੀ, ਪਰ ਉਸ ਨੇ ਇੱਕ ਵੀ ਗੋਲਾ ਨਹੀਂ ਚਲਾਇਆ। ਕਿਮ ਦੀ ਭੈਣ ਕਿਮ ਯੋ ਜੋਂਗ ਨੇ ਦੱਖਣੀ ਕੋਰੀਆ ਦਾ ਮਜ਼ਾਕ ਉਡਾਉਂਦੇ ਹੋਏ ਐਤਵਾਰ ਨੂੰ ਕਿਹਾ ਕਿ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਦੀ ਫ਼ੌਜ ਦੀ ਸਮਰੱਥਾ ਨੂੰ ਪਰਖਣ ਲਈ ਬੀਚ ’ਤੇ ਤੋਪਾਂ ਤੋਂ ਬਲਾਸਟਿੰਗ ਪਾਊਡਰ ਦਾਗ਼ਿਆ ਹੈ। ਉਨ੍ਹਾਂ ਕਿਹਾ ਕਿ ਨਤੀਜਾ ਸਾਡੀ ਉਮੀਦ ਮੁਤਾਬਿਕ ਰਿਹਾ। ਉਨ੍ਹਾਂ ਨੇ ਧਮਾਕੇ ਦੀ ਆਵਾਜ਼ ਨੂੰ ਗੋਲਾਬਾਰੀ ਦੀ ਆਵਾਜ਼ ਸਮਝ ਲਿਆ ਅਤੇ ਇਸ ਨੂੰ ਭੜਕਾਊ ਕਾਰਵਾਈ ਸਮਝ ਲਿਆ। ਉਸ ਨੇ ਸੋਲ ਦੇ ਇਸ ਦਾਅਵੇ ਤੋਂ ਇਨਕਾਰ ਕੀਤਾ ਕਿ ਉੱਤਰੀ ਕੋਰੀਆ ਨੇ ਇੱਕ ਦਿਨ ਪਹਿਲਾਂ ਸਮੁੰਦਰ ’ਚ ਤੋਪਾਂ ਨਾਲ ਗੋਲੇ ਦਾਗ਼ੇ ਸਨ।ਦੱਖਣੀ ਕੋਰੀਆ ਦੀ ਫ਼ੌਜ ਨੇ ਤੁਰੰਤ ਉਸ ਦੇ ਬਿਆਨ ਨੂੰ ਨੀਵੇਂ ਪੱਧਰ ਦੀ ਮਨੋਵਿਗਿਆਨਕ ਜੰਗੀ ਰਣਨੀਤੀ ਦੱਸਦਿਆਂ ਰੱਦ ਕਰ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਉਹ ਉੱਤਰੀ ਕੋਰੀਆ ਵਲੋਂ ਕਿਸੇ ਵੀ ਭੜਕਾਹਟ ਦਾ ਸਖ਼ਤ ਜਵਾਬ ਦੇਵੇਗੀ। ਦੱਖਣੀ ਕੋਰੀਆ ਦੀ ਫ਼ੌਜ ਨੇ ਪਹਿਲਾਂ ਕਿਹਾ ਸੀ ਕਿ ਉਤਰੀ ਕੋਰੀਆ ਨੇ ਦੋ ਵਿਰੋਧੀ ਦੇਸ਼ਾਂ ਦੀ ਵਿਵਾਦਿਤ ਪੱਛਮੀ ਸਮੁੰਦਰੀ ਸਰਹੱਦ ਨੇੜੇ ਲਗਾਤਾਰ ਦੋ ਦਿਨ ਗੋਲੇ ਦਾਗ਼ੇ। ਫ਼ੌਜ ਨੇ ਕਿਹਾ ਕਿ ਉੱਤਰੀ ਕੋਰੀਆ ਨੇ 200 ਤੋਂ ਵੱਧ ਗੋਲੇ ਦਾਗ਼ਣ ਤੋਂ ਬਾਅਦ 60 ਤੋਂ ਵੱਧ ਹੋਰ ਗੋਲੇ ਦਾਗ਼ੇ। ਦੱਖਣੀ ਕੋਰੀਆ ਦੇ ਜੋਆਇੰਟ ਚੀਫ਼ ਔਫ਼ ਸਟਾਫ਼ ਨੇ ਇੱਕ ਬਿਆਨ ’ਚ ਕਿਹਾ ਕਿ ਉਹ ਉੱਤਰੀ ਕੋਰੀਆ ਦੀਆਂ ਫ਼ੌਜੀ ਸਰਗਰਮੀਆਂ ’ਤੇ ਨੇੜਿਓਂ ਨਜ਼ਰ ਰੱਖਦਾ ਹੈ।

# ਅਮਰੀਕਾ ਦਾ ਰੱਖਿਆ ਮੰਤਰੀ ਕਈ ਦਿਨਾਂ ਤੋਂ ਹਸਪਤਾਲ ’ਚ ਪਰ ਬਾਇਡਨ ਨੂੰ ਖ਼ਬਰ ਤਕ ਨਹੀਂ

ਵੈਨਕੂਵਰ: ਅਮਰੀਕਾ ਦੇ ਰੱਖਿਆ ਮੰਤਰੀ ਲੌਇਡ ਔਸਟਿਨ ਹਾਲੇ ਵੀ ਹਸਪਤਾਲ ’ਚ ਭਰਤੀ ਹਨ। ਪੈਂਟੇਗਨ (ਰੱਖਿਆ ਮੰਤਰਾਲਾ) ਦੇ ਮੁਖੀ ਨੂੰ ਇੰਟੈਂਸਿਵ ਕੇਅਰ ਯੂਨਿਟ (ICU) ’ਚ ਦਾਖ਼ਲ ਕੀਤੇ ਜਾਣ ਦੀ ਗੱਲ ਰਾਸ਼ਟਰਪਤੀ ਜੋਅ ਬਾਇਡਨ ਤੋਂ ਵੀ ਕਈ ਦਿਨਾਂ ਤਕ ਲੁਕਾ ਕੇ ਰੱਖੀ ਗਈ ਸੀ। ਸੀਨੀਅਰ ਰੱਖਿਆ ਅਧਿਕਾਰੀ ਨੇ ਕਿਹਾ ਕਿ ਉਪ ਰੱਖਿਆ ਮੰਤਰੀ ਕੈਥਲਿਨ ਹਿਕਸ ਤਕ ਨੂੰ ਵੀ ਇਹ ਨਹੀਂ ਸੀ ਦੱਸਿਆ ਗਿਆ ਕਿ ਔਸਟਿਨ 1 ਜਨਵਰੀ ਤੋਂ ਹਸਪਤਾਲ ’ਚ ਭਰਤੀ ਸੀ। ਇਹ ਜਾਣਕਾਰੀ ਮਿਲਣ ਤੋਂ ਬਾਅਦ ਹਿਕਸ ਨੇ ਕਾਂਗਰਸ ਨੂੰ ਬਿਆਨ ਭੇਜਣ ਅਤੇ ਵਾਸ਼ਿੰਗਟਨ ਵਾਪਿਸ ਜਾਣ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ।




# ਭਾਰਤੀ ਰੀਅਲ ਐਸਟੇਟ ਡਿਵੈਲਪਰ 'ਤੇ 93 ਮਿਲੀਅਨ ਦੀ ਧੋਖਾਧੜੀ ਦਾ ਦੋਸ਼



ਨਾਇਆਗਰਾ: ਅਮਰੀਕਾ 'ਚ ਸੰਘੀ ਅਧਿਕਾਰੀਆਂ ਨੇ ਭਾਰਤੀ ਮੂਲ ਦੇ ਰੀਅਲ ਐਸਟੇਟ ਡਿਵੈਲਪਰ 'ਤੇ 93 ਮਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਦਾ ਦੋਸ਼ ਲਗਾਇਆ ਹੈ। ਇਹ ਦੋਸ਼ ਮਿਆਮੀ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਰੀਅਲ ਐਸਟੇਟ ਡਿਵੈਲਪਰ ਰਿਸ਼ੀ ਕਪੂਰ 'ਤੇ ਸੈਕਿਓਰੀਟੀਜ਼ ਐਂਡ ਐਕਸਚੇਂਜ ਕਮਿਸ਼ਨ (SEC) ਵਲੋਂ ਲਗਾਏ ਗਏ ਹਨ।

ਇੱਕ ਬਿਆਨ ਮੁਤਾਬਿਕ ਸਿਕਿਓਰਟੀਜ਼ ਐਂਡ ਐਕਸਚੇਂਜ ਕਮਿਸ਼ਨ ਨੇ ਰੀਅਲ ਐਸਟੇਟ ਕੰਪਨੀ ਲੋਕੇਸ਼ਨ ਵੈਂਚਰਜ਼, ਇਸ ਦੀ ਐਫ਼ੀਲੀਏਟ ਅਰਬਿਨ ਅਤੇ 20 ਹੋਰ ਸਬੰਧਤ ਕੰਪਨੀਆਂ 'ਤੇ ਵੀ ਧੋਖਾਧੜੀ ਦਾ ਦੋਸ਼ ਲਗਾਇਆ ਹੈ। ਜਾਂਚ 'ਚ ਪਾਇਆ ਗਿਆ ਕਿ ਭਾਰਤੀ ਡਿਵੈਲਪਰ ਕਪੂਰ ਨੇ ਨਿਵੇਸਕ ਫ਼ੰਡਾਂ ਦੇ ਘੱਟੋ-ਘੱਟ 43 ਲੱਖ ਅਮਰੀਕੀ ਡਾਲਰ ਦੀ ਦੁਰਵਰਤੋਂ ਕੀਤੀ ਅਤੇ ਲਗਭਗ ਛੇ ਕਰੋੜ ਡਾਲਰ ਦੀ ਨਿਵੇਸ਼ਕ ਪੂੰਜੀ ਨੂੰ ਲੋਕੇਸ਼ਨ ਵੈਂਚਰਜ਼, ਆਰਬਿਨ ਅਤੇ ਕੁੱਝ ਹੋਰ ਦੋਸੀ ਸੰਸਥਾਵਾਂ 'ਚਕਾਰ ਨਿਵੇਸ਼ਕ ਪੂੰਜੀ ਦੀ ਗ਼ੈਰ-ਕਾਨੂੰਨੀ ਵਰਤੋਂ ਕੀਤੀ ਗਈ ਹੈ।

# ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਵਾਪਿਸ ਲੈਣ ਬਾਰੇ ਫ਼ੈਸਲਾ 27 ਤੋਂ ਬਾਅਦ

ਵੈਨਕੂਵਰ: ਸ਼੍ਰੋਮਣੀ ਕਮੇਟੀ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਬਾਰੇ ਅਗਲਾ ਫ਼ੈਸਲਾ ਹੁਣ 27 ਜਨਵਰੀ ਤੋਂ ਬਾਅਦ ਲਵੇਗੀ। ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੀਤਾ ਹੈ। ਉਹ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਸ਼ਾਮਿਲ ਹੋਣ ਲਈ ਪੁੱਜੇ ਸਨ। ਇਸ ਮੀਟਿੰਗ 'ਚ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵਲੋਂ ਗੁਰਦੁਆਰਿਆਂ ਅੰਦਰ ਸਿਰੋਪਾਓ ਦੇਣ ਦੇ ਰੁਝਾਨ ਨੂੰ ਬੰਦ ਕਰਦਿਆਂ ਇਸ ਤੋਂ ਹੋਣ ਵਾਲੀ ਵਿੱਤੀ ਬਚਤ ਨੂੰ ਕੌਮ ਦੇ ਨੌਜਵਾਨ ਵਰਗ ਦੇ ਅਕਾਦਮਿਕ ਵਿਕਾਸ ਲਈ ਵਰਤਣ ਦਾ ਫ਼ੈਸਲਾ ਵੀ ਲਿਆ ਗਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਧਾਮੀ ਨੇ ਦੱਸਿਆ ਕਿ ਸਿਰੋਪਾਓ ਦੇਣ ਦੇ ਆਮ ਰੁਝਾਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹੁਣ ਗੁਰਦੁਆਰਿਆਂ 'ਚੋਂ ਸਿਰੋਪਾ ਸਿਰਫ਼ ਧਾਰਮਿਕ ਸ਼ਖ਼ਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ, ਰਾਗੀ ਅਤੇ ਧਰਮ ਪ੍ਰਚਾਰਕਾਂ ਨੂੰ ਦੇਣ ਤਕ ਹੀ ਸੀਮਿਤ ਕਰ ਦਿੱਤਾ ਗਿਆ ਹੈ। ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ 'ਚ ਬਣੀ ਪੰਜ ਮੈਂਬਰੀ ਕਮੇਟੀ ਦੀ ਕਾਰਵਾਈ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਸੀ, ਪਰ ਉਨ੍ਹਾਂ ਨੇ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਜਲਦੀ ਹੀ ਕੇਂਦਰ ਸਰਕਾਰ ਨਾਲ ਗੱਲਬਾਤ ਹੋਵੇਗੀ। ਇਸ ਨੂੰ ਦੇਖਦਿਆਂ ਹੁਣ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਪੰਜ ਮੈਂਬਰੀ ਕਮੇਟੀ ਦੀ ਅਪੀਲ ਦੇ ਮੱਦੇਨਜ਼ਰ 31 ਦਸੰਬਰ ਤੋਂ ਸਮਾਂ ਵਧਾ ਕੇ 27 ਜਨਵਰੀ ਤਕ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ ਵਿਖੇ ਗੁਰਬਾਣੀ ਪ੍ਰਸਾਰਨ ਨੂੰ ਵੀ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਵੈੱਬ ਚੈਨਲ (ਯੂ-ਟਿਊਬ ਅਤੇ ਫ਼ੇਸਬੁੱਕ ਆਦਿ) 'ਤੇ ਚਲਾਉਣ ਦੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਦਾ ਸਾਊਂਡ ਸਿਸਟਮ ਵੀ ਲਗਾਇਆ ਜਾਵੇਗਾ। ਅੰਤ੍ਰਿੰਗ ਕਮੇਟੀ ਵਲੋਂ 1984 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫ਼ੌਜੀ ਹਮਲੇ ਦਾ ਬਦਲਾ ਲੈਣ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਨੂੰਹ ਬੀਬੀ ਸੰਦੀਪ ਕੌਰ ਨੂੰ ਸ਼੍ਰੋਮਣੀ ਕਮੇਟੀ 'ਚ ਨੌਕਰੀ ਦੇਣ ਦਾ ਫ਼ੈਸਲਾ ਵੀ ਲਿਆ ਗਿਆ ਹੈ। ਅੰਤ੍ਰਿੰਗ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 17 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਉਣ ਲਈ ਸਮਾਗਮਾਂ ਦੀ ਰੂਪਰੇਖਾ ਨੂੰ ਵੀ ਅੰਤਿਮ ਰੂਪ ਦਿੱਤਾ ਹੈ।

# ਬਿਸ਼ਨੋਈ ਅਤੇ ਜੱਗੂ ਨੂੰ ਬੇਗੁਨਾਹ ਕਰਾਰ ਦੇਣ ਦੀ ਪਟੀਸ਼ਨ 'ਤੇ ਸੁਣਵਾਈ 23 ਨੂੰ



ਚੰਡੀਗੜ੍ਹ: ਸਿੱਧੂ ਮੂਸੇਵਾਲਾ ਕਤਲ ਕੇਸ 'ਚ ਹਰ ਤਰ੍ਹਾਂ ਦੀ ਵੀਡੀਓ ਕਾਨਫ਼ਰੰਸਿੰਗ ਦੇ ਮਾਧਿਅਮ ਤੋਂ ਸੁਣਵਾਈ ਹੋਈ ਜਿਸ ਕਾਰਨ ਸਰਕਾਰੀ ਪੱਖ ਨੂੰ ਲੌਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਵਲੋਂ ਅਦਾਲਤ 'ਚ ਬੇਗੁਨਾਹ ਕਰਾਰ ਦੇਣ ਦੀ ਕੀਤੀ ਗਈ ਪਟੀਸ਼ਨ 'ਤੇ ਜਵਾਬ ਦੇਣਾ ਪਿਆ ਹਾਲਾਂਕਿ ਜਵਾਬ ਨਹੀਂ ਦਿੱਤਾ ਗਿਆ ਜਿਸ ਕਾਰਨ ਅਦਾਲਤ ਨੇ ਮੁੜ ਸੁਣਵਾਈ 23 ਜਨਵਰੀ ਨੂੰ ਤੈਅ ਕੀਤੀ ਹੈ।

ਜ਼ਿਕਰਯੋਗ ਹੈ ਕਿ 14 ਦਸੰਬਰ ਨੂੰ ਗੈਂਗਸਟਰ ਲੌਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਨੇ ਮਾਨਸਾ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਗੈਂਗਸਟਰ ਲੌਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਨੇ ਇਸ ਮਾਮਲੇ 'ਚ ਯੂ-ਟਰਨ ਲੈਂਦਿਆਂ ਕਿਹਾ ਕਿ ਉਹ ਬੇਕਸੂਰ ਹਨ ਅਤੇ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ। ਇਸ ਲਈ ਇਸ ਮਾਮਲੇ 'ਚ ਉਨ੍ਹਾਂ ਨੂੰ ਡਿਸਚਾਰਜ ਕੀਤਾ ਜਾਣਾ ਚਾਹੀਦਾ ਹੈ।

ਗੈਂਗਸਟਰਾਂ ਵਲੋਂ ਪਾਈ ਪਟੀਸ਼ਨ 'ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਹਰ ਕਿਸੇ ਨੂੰ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਹੈ, ਪਰ ਇਨ੍ਹਾਂ ਗੈਂਗਸਟਰਾਂ ਨੇ ਪਹਿਲਾਂ ਇੰਟਰਵਿਊਜ਼ ਅਤੇ ਫ਼ੋਨ ਕਾਲਜ਼ ਰਾਹੀਂ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਕਤਲ ਕਿਉਂ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਗੈਂਗਸਟਰਾਂ ਕੋਲ ਬਹੁਤ ਪੈਸਾ ਹੈ, ਇਹ ਕੁੱਝ ਵੀ ਕਰ ਸਕਦੇ ਹਨ, ਮਹਿੰਗੇ ਤੋਂ ਮਹਿੰਗੇ ਵਕੀਲਾਂ ਨੂੰ ਰੱਖ ਸਕਦੇ ਹਨ।

# ਸਕੂਲ ਨੇ ਬਣਾਈ ਸੁਪਨੇ ਦੇਖਣ ਲਈ ਵੱਖਰੀ ਜਗ੍ਹਾ



ਬੀਜਿੰਗ: ਚੀਨ ਦੇ ਝੇਜਿਐਂਗ ਸੂਬੇ ਦੇ ਨਿੰਗਬੋ ਸ਼ਹਿਰ 'ਚ ਆਰਕੀਟੈਕਟਾਂ ਨੇ ਇੱਕ ਅਜਿਹਾ ਸਕੂਲ ਤਿਆਰ ਕੀਤਾ ਹੈ ਜਿਸ ਦਾ ਡਿਜ਼ਾਇਨ ਵਿਦਿਆਰਥੀਆਂ ਦੇ ਤਨਾਅ ਨੂੰ ਦੂਰ ਕਰਦਾ ਹੈ। ਹਿਊਸ ਬੋਰਡਿੰਗ ਹਾਈ ਸਕੂਲ ਦਾ ਕੈਂਪਸ ਇੰਨਾ ਖ਼ੂਬਸੂਰਤ ਹੈ ਕਿ ਵਿਦਿਆਰਥੀਆਂ ਨੂੰ ਇੱਥੇ ਸਮੇਂ ਦਾ ਪਤਾ ਹੀ ਨਹੀਂ ਚੱਲਦਾ। ਇੱਥੇ ਸੁਪਨੇ ਵੇਖਣ ਲਈ ਇੱਕ ਵਿਸ਼ੇਸ਼ ਇਕਾਂਤ ਜਗ੍ਹਾ ਬਣਾਈ ਗਈ ਹੈ ਅਤੇ ਕਲਾਸ ਰੂਮ ਚਾਰ-ਦੀਵਾਰੀ ਦੇ ਵਿਚਕਾਰ ਨਹੀਂ ਸਗੋਂ ਰੁੱਖਾਂ ਅਤੇ ਬੂਟਿਆਂ ਦੀ ਹਰਿਆਲੀ 'ਚ ਹੈ।

ਕੈਂਪਸ ਦੇ ਰਸਤਿਆਂ 'ਚ ਹਰਿਆਲੀ ਦੀ ਭਰਮਾਰ ਹੈ ਜਿੱਥੇ ਵਿਦਿਆਰਥੀ ਦੋਸਤਾਂ ਅਤੇ ਕਿਤਾਬਾਂ ਨਾਲ ਬੈਠੇ ਨਜ਼ਰ ਆ ਰਹੇ ਹਨ। ਕਈ ਲੈਕਚਰ ਹਾਲ ਖੁੱਲ੍ਹੀ ਹਵਾ 'ਚ ਹਨ। ਇਸ ਇਮਾਰਤ ਦੇ ਆਰਕੀਟੈਕਟ, ਅਪਰੋਚ ਡਿਜ਼ਾਇਨ ਸਟੂਡੀਓ ਦੇ ਆਰਕੀਟੈਕਟ ਡੀ ਮਾ ਦਾ ਕਹਿਣਾ ਹੈ, "ਅਸੀਂ ਜ਼ਿਆਦਾ ਸਪੇਸ ਵਰਤਣ ਦੀ ਬਜਾਏ ਜ਼ਿਆਦਾ ਖਾਲੀ ਜਗ੍ਹਾ ਬਣਾਉਣ 'ਤੇ ਧਿਆਨ ਦਿੱਤਾ ਜਿੱਥੇ ਵਿਦਿਆਰਥੀ ਸੁੰਦਰਤਾ ਦਾ ਅਨੁਭਵ ਕਰ ਸਕਦੇ ਹਨ। ਅਸੀਂ ਕੈਂਪਸ 'ਚ ਹਰਿਆਲੀ ਲਈ ਜਿਗਜ਼ੈਗ ਪੈਟਰਨ ਦੀ ਵਰਤੋਂ ਕੀਤੀ ਹੈ ਤਾਂ ਜੋ ਤੁਸੀਂ ਕਿਤੇ ਵੀ ਖੜ੍ਹੇ ਹੋਵੋ, ਹਰ ਸਮੇਂ ਹਰਿਆਲੀ ਨਾਲ ਘਿਰੇ ਰਹੋ। ਇਸ ਦੇ ਲਈ ਅਸੀਂ ਇਮਾਰਤਾਂ ਦੀਆਂ ਛੱਤਾਂ 'ਤੇ ਪਾਰਕ ਵੀ ਬਣਾਏ ਹਨ। ਕਲਾਸਾਂ, ਲਾਇਬ੍ਰੇਰੀ ਅਤੇ ਕੰਟੀਨ ਇੱਕ-ਦੂਜੇ ਤੋਂ ਇੰਨੀ ਦੂਰੀ 'ਤੇ ਹਨ ਕਿ ਵਿਦਿਆਰਥੀਆਂ ਨੂੰ ਹਰਿਆਲੀ 'ਚੋਂ ਲੰਘਣਾ ਪੈਂਦਾ ਹੈ। ਹੁਣ ਤਕ ਸਕੂਲਾਂ 'ਚ ਦੋ ਇਮਾਰਤਾਂ ਵਿਚਕਾਰ ਖ਼ਾਲੀ ਥਾਂਵਾਂ ਸਨ। ਇੱਥੇ ਵਿਦਿਆਰਥੀ ਹਮੇਸ਼ਾ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਖਿੜਕੀਆਂ ਰਾਹੀਂ ਦੇਖਿਆ ਜਾ ਰਿਹਾ ਹੈ, ਪਰ ਇੱਥੇ ਅਜਿਹਾ ਨਹੀਂ।

ਇਸ ਸਕੂਲ ਨੂੰ ਪਿਛਲੇ ਸਾਲ ਦਸੰਬਰ 'ਚ ਵਰਲਡ ਆਰਕੀਟੈਕਚਰ ਫ਼ੈਸਟੀਵਲ 'ਚ ਵਰਲਡ ਬਿਲਡਿੰਗ ਔਫ਼ ਦਾ ਯੀਅਰ 2023 ਦਾ ਖਿਤਾਬ ਦਿੱਤਾ ਗਿਆ ਹੈ। ਆਰਕੀਟੈਕਟ ਡੀ ਮਾ ਦਾ ਕਹਿਣਾ ਹੈ, "ਅਸੀਂ ਸਕੂਲੀ ਜੀਵਨ ਦੇ ਤਜਰਬੇ ਨੂੰ ਬਦਲਣਾ ਸੀ।"

# ਮੁਲਾਜ਼ਮਾਂ ਨੂੰ ਕੰਪਨੀ 'ਚ ਬਣਾਇਆ ਹਿੱਸੇਦਾਰ, ਤੋਹਫ਼ੇ ਵਜੋਂ ਦਿੱਤੀਆਂ 50 ਨਵੀਆਂ ਕਾਰਾਂ



ਅਹਿਮਦਾਬਾਦ- ਗੁਜਰਾਤ ਦੇ ਮਸ਼ਹੂਰ ਹੀਰਾ ਵਪਾਰੀ ਸਾਵਜੀ ਢੋਲਕੀਆ ਦਾ ਨਾਂ ਤਾਂ ਤੁਸੀਂ ਸੁਣਿਆ ਹੀ ਹੋਵੇਗਾ। ਉਹ ਦੀਵਾਲੀ 'ਤੇ ਆਪਣੇ ਕਰਮਚਾਰੀਆਂ ਨੂੰ ਮਹਿੰਗੇ ਤੋਹਫ਼ੇ ਦੇਣ ਲਈ ਮਸ਼ਹੂਰ ਹੈ, ਪਰ ਅੱਜਕੱਲ੍ਹ ਚੇਨੱਈ ਦੀ ਇੱਕ IT ਕੰਪਨੀ ਦਾ ਨਾਮ ਸੁਰਖ਼ੀਆਂ 'ਚ ਹੈ। ਇਸ ਕੰਪਨੀ ਨੇ ਆਪਣੇ 50 ਕਰਮਚਾਰੀਆਂ ਨੂੰ ਮਹਿੰਗੀਆਂ ਕਾਰਾਂ ਗਿਫ਼ਟ ਕੀਤੀਆਂ ਹਨ।

ਇੰਨਾ ਹੀ ਨਹੀਂ, ਦੋ ਟੈਕਨੌਲੋਜੀ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੇ ਮਾਲਕ ਮੁਰਲੀ ਵਿਵੇਕਾਨੰਦਨ ਨੇ ਵੱਡਾ ਦਿਲ ਦਿਖਾਉਂਦੇ ਹੋਏ ਕੰਪਨੀ ਦੇ 33 ਫ਼ੀਸਦੀ ਸ਼ੇਅਰ ਆਪਣੇ ਪੁਰਾਣੇ ਕਰਮਚਾਰੀਆਂ ਨੂੰ ਦੇਣ ਦਾ ਐਲਾਨ ਕੀਤਾ ਹੈ। ਵਿਵੇਕਾਨੰਦਨ ਨੇ ਸਾਲ 2009 'ਚ ਆਪਣੀ ਪਤਨੀ ਨਾਲ ਇਸ ਕੰਪਨੀ ਦੀ ਸਥਾਪਨਾ ਕੀਤੀ ਸੀ। ਇਹ ਕੰਪਨੀ ਫ਼ੇਸਬੁੱਕ, ਬਲੂਮਬਰਗ, ਮਾਈਕ੍ਰੋਸੌਫ਼ਟ, ਔਰੇਕਲ, ਮੋਟੋਰੋਲਾ ਵਰਗੀਆਂ ਕਈ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ।

ਵਿਵੇਕਾਨੰਦਨ ਨੇ ਕਿਹਾ ਕਿ ਕੁੱਝ ਕਰਮਚਾਰੀ ਚੰਗੇ ਅਤੇ ਮਾੜੇ ਸਮੇਂ ਦੌਰਾਨ ਉਨ੍ਹਾਂ ਦੇ ਨਾਲ ਰਹੇ ਅਤੇ ਉਹ ਉਨ੍ਹਾਂ ਦਾ ਅਹਿਸਾਨ ਚੁਕਾਉਣਾ ਚਾਹੁੰਦਾ ਹੈ ਉਸ ਨੇ ਕਿਹਾ, "ਕੰਪਨੀ ਦੇ ਸਾਰੇ ਸ਼ੇਅਰ ਮੇਰੇ ਅਤੇ ਮੇਰੇ ਹਿੱਸੇਦਾਰਾਂ ਕੋਲ ਹਨ।

ਹੁਣ ਅਸੀਂ ਉਨ੍ਹਾਂ ਕਰਮਚਾਰੀਆਂ ਨੂੰ 33 ਪ੍ਰਤੀਸ਼ਤ ਸ਼ੇਅਰ ਦੇਣ ਦਾ ਫ਼ੈਸਲਾ ਕੀਤਾ ਹੈ ਜੋ ਲੰਬੇ ਸਮੇਂ ਤੋਂ ਕੰਪਨੀ 'ਚ ਕੰਮ ਕਰ ਰਹੇ ਹਨ। ਅਸੀਂ ਪੈਸੇ ਵੰਡਣ ਦਾ ਪ੍ਰੋਗਰਾਮ ਵੀ ਸ਼ੁਰੂ ਕੀਤਾ ਹੈ। ਇਸ ਤਹਿਤ ਮੁਲਾਜ਼ਮਾਂ ਨੂੰ 50 ਕਾਰਾਂ ਦਿੱਤੀਆਂ ਜਾ ਰਹੀਆਂ ਹਨ। ਵਿਵੇਕਾਨੰਦਨ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ ਵੀ ਕੰਪਨੀ ਨੇ ਆਪਣੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਮਿਹਨਤ ਦੇ ਇਨਾਮ ਵਜੋਂ 100 ਕਾਰਾਂ ਤੋਹਫ਼ੇ ਵਜੋਂ ਦਿੱਤੀਆਂ ਸਨ।

ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ IT ਕੰਪਨੀ ਨੇ ਆਪਣੇ ਕਰਮਚਾਰੀਆਂ ਨੂੰ ਕਾਰਾਂ ਗਿਫ਼ਟ ਕੀਤੀਆਂ ਹਨ।

KING GARAGE
• M.O.T • Repairs • Service • 24Hrs.Recovery
• ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
• ਐਮ ਓ ਟੀ ਵੀ ਕਰਦੇ ਹਾਂ।
• 24 ਘੰਟੇ ਵਹੀਕਲ ਰੀਕਵਰੀ ਸੇਵਾ।
• ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਝੱਟ ਲੱਭ ਲੈਂਦੇ ਹਾਂ।
• ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।

Experienced Mechanics Required
Unit B, King Street, Walsall, WS1 4AF
Tel: 01922 620 720 Mob: 07539 836 162

# ਅਮਰੀਕਾ 'ਚ ਨੌਜਵਾਨ ਹੁਣ ਨਹੀਂ ਖ਼ਰੀਦ ਸਕਣਗੇ ਬੰਦੂਕਾਂ

ਵਾਸ਼ਿੰਗਟਨ: ਅਮਰੀਕਾ 'ਚ ਲਗਾਤਾਰ ਵੱਧ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਤੇ ਬੀਤੇ ਦਿਨੀਂ ਆਇਓਵਾ 'ਚ ਇੱਕ ਸਕੂਲ 'ਚ ਵਾਪਰੀ ਗੋਲੀਬਾਰੀ ਦੀ ਘਟਨਾ ਨੂੰ ਵੇਖਦਿਆਂ ਨੌਜਵਾਨਾਂ 'ਤੇ ਹਥਿਆਰ ਖ਼ਰੀਦਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਨਵੇਂ ਬੰਦੂਕ ਕਾਨੂੰਨ ਦੇ ਸਾਲ 2022 'ਚ ਲਾਗੂ ਹੋਣ ਤੋਂ ਬਾਅਦ 500 ਤੋਂ ਵੱਧ ਕਿਸਮ ਦੇ ਹਥਿਆਰਾਂ ਦੀ ਖ਼ਰੀਦਾਰੀ ਅਤੇ ਕਈ ਜਨਤਕ ਥਾਵਾਂ 'ਤੇ ਵੀ ਹਥਿਆਰ ਲੈ ਕੇ ਜਾਣ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਆਯੋਵਾ ਦੇ ਇੱਕ ਸਕੂਲ 'ਚ 17 ਸਾਲਾ ਨੌਜਵਾਨ ਨੇ ਗੋਲੀਬਾਰੀ ਕਰ ਦਿੱਤੀ ਸੀ। ਇਸ ਗੋਲੀਬਾਰੀ 'ਚ ਛੇਵੀਂ ਜਮਾਤ ਦੇ ਵਿਦਿਆਰਥੀ ਦੀ ਮੌਤ ਹੋ ਗਈ ਸੀ ਅਤੇ ਹੋਰ ਪੰਜ ਵਿਦਿਆਰਥੀ ਜ਼ਖ਼ਮੀ ਹੋ ਗਏ ਸਨ। ਅਟਰਨੀ ਜਨਰਲ ਮੈਰਿਕ ਗਾਰਲੈਂਡ ਨੇ ਦੱਸਿਆ ਕਿ ਨਵੇਂ ਕਾਨੂੰਨ ਅਨੁਸਾਰ ਕੈਲੇਫ਼ੋਰਨੀਆ 'ਚ ਗੰਨ ਦੇ ਮਾਲਕ ਹੁਣ ਮਨੋਰੰਜਨ ਪਾਰਕਾਂ, ਅਜਾਇਬ ਘਰਾਂ, ਚਰਚਾਂ, ਬੈਂਕਾਂ, ਜਨਤਕ ਪਾਰਕਾਂ ਜਾਂ ਹੋਰ ਥਾਵਾਂ 'ਤੇ ਹਥਿਆਰ ਲੈ ਕੇ ਨਹੀਂ ਜਾ ਸਕਣਗੇ, ਭਾਵੇਂ ਉਨ੍ਹਾਂ ਕੋਲ ਗੁਪਤ ਕੈਰੀ ਲਾਇਸੈਂਸ ਕਿਉਂ ਨਾਂ ਹੋਵੇ। ਇਹ ਪਾਬੰਦੀਆਂ ਰਾਜ ਦੇ ਕਾਨੂੰਨ ਦਾ ਹਿਸਾ ਹਨ ਜੋ ਇਸ ਹਫ਼ਤੇ ਲਾਗੂ ਹੋਈਆਂ ਹਨ ਅਤੇ ਅਦਾਲਤਾਂ 'ਚ ਪਹਿਲਾਂ ਤੋਂ ਹੀ ਜਾਂਚ ਦਾ ਸਾਹਮਣਾ ਕਰ ਰਹੇ ਲੋਕਾਂ 'ਤੇ ਵੀ ਲਾਗੂ ਹੁੰਦੀਆਂ ਹਨ। ਰਾਸ਼ਟਰਪਤੀ ਜੋਅ ਬਿਡੇਨ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਇਸ ਨੂੰ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ ਜੋ ਲੋਕਾਂ ਦੀਆਂ ਜਾਨਾਂ ਬਚਾ ਰਿਹਾ ਹੈ। ਜੂਨ 2022 'ਚ ਪਾਸ ਬੰਦੂਕ ਕਾਨੂੰਨ ਨੂੰ ਦਹਾਕਿਆਂ 'ਚ ਸਭ ਤੋਂ ਵਿਆਪਕ ਕਾਨੂੰਨ ਦੱਸਿਆ ਗਿਆ ਸੀ ਜਿਸ 'ਚ 21 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਵਲੋਂ ਕਿਸੇ ਵੀ ਬੰਦੂਕ ਦੀ ਖ਼ਰੀਦ ਲਈ ਵਾਧੂ ਜਾਂਚ ਕੀਤੇ ਜਾਣ ਦੀ ਲੋੜ ਹੁੰਦੀ ਹੈ।




# ਪੰਜਾਬ ਦੀ ਹਾਈ ਸੈਕਿਓਰਿਟੀ ਜੇਲ੍ਹ 'ਚ ਭਗਵਾਨਪੁਰੀਆ ਨੇ ਕਰ 'ਤਾ ਵੱਡਾ ਕਾਂਡ

ਕਪੂਰਥਲਾ: ਕਪੂਰਥਲਾ ਦੀ ਹਾਈ ਸੈਕਿਓਰਿਟੀ ਮਾਡਰਨ ਜੇਲ੍ਹ 'ਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਵੱਡਾ ਕਾਂਡ ਸਾਹਮਣੇ ਆਇਆ ਹੈ। ਜੱਗੂ ਨੇ ਹਾਈ ਸੈਕਿਓਰਿਟੀ ਜੇਲ੍ਹ ਦੀ ਨਜ਼ਰਸਾਨੀ ਲਈ ਲਗਾਈ ਗਈ LCD ਤੋੜ ਦਿੱਤੀ ਹੈ।

ਜੇਲ੍ਹ ਸੂਤਰਾਂ ਦੀ ਮੰਨੀਏ ਤਾਂ ਉਸ ਨੇ ਗੁੱਸੇ 'ਚ ਆ ਕੇ LCD ਤੋੜੀ ਜਿਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ ਗੈਂਗਸਟਰ ਖ਼ਿਲਾਫ਼ ਥਾਣਾ ਕੋਤਵਾਲੀ ਦੀ ਪੁਲੀਸ ਨੇ 427 IPC ਅਤੇ 42-A ਪ੍ਰੀਜ਼ਨ ਐਕਟ ਦੇ ਤਹਿਤ ਕੇਸ ਦਰਜ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਜੇਲ੍ਹ ਦੇ ਸਹਾਇਕ ਸੁਪਰਇਨਟੈਂਡੈਂਟ (ਸੈਕਿਓਰਿਟੀ) ਨਵਦੀਪ ਸਿੰਘ ਨੇ ਦੱਸਿਆ ਕਿ 29 ਦਸੰਬਰ 2023 ਨੂੰ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਹਾਈ ਸੈਕਿਓਰਿਟੀ ਬੈਰਕਾਂ 'ਚ LCD ਲਗਾਈ ਗਈ ਸੀ ਜਿਸ ਨੂੰ ਜੇਲ੍ਹ 'ਚ ਬੰਦ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗੂ ਭਗਵਾਨਪੁਰੀਆ ਦੀ ਉਕਤ ਚੱਕੀ 'ਚ ਬੰਦ ਕਿਸੇ ਬੰਦੀ ਨਾਲ ਬਹਿਸ ਹੋ ਗਈ। ਇਸ ਦੌਰਾਨ ਜੱਗੂ ਨੇ ਗੁੱਸੇ 'ਚ ਆ ਕੇ ਕੰਧ 'ਤੇ ਲੱਗੀ LCD ਉਤਾਰ ਕੇ ਜ਼ਮੀਨ 'ਤੇ ਸੁੱਟ ਦਿੱਤੀ ਅਤੇ ਪੈਰ ਮਾਰ ਕੇ ਤੋੜ ਦਿੱਤੀ। ਇਸ ਤਰ੍ਹਾਂ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਜੇਲ੍ਹ ਦੀ ਸਰਕਾਰੀ ਪ੍ਰੌਪਰਟੀ ਨੂੰ ਨੁਕਸਾਨ ਪੁੰਚਾਇਆ ਹੈ ਜਿਸ ਨਾਲ ਬਿਜਲੀ ਦੇ ਉਪਕਰਣਾਂ ਨਾਲ ਛੇੜਛਾੜ ਕਰ ਕੇ ਜੇਲ੍ਹ ਦੇ ਕੈਦੀਆਂ ਦੀ ਜਾਨ ਨੂੰ ਖ਼ਤਰੇ 'ਚ ਪਾਇਆ ਹੈ।

# ਨਿਊ ਯੌਰਕ ਦੇ ਸ਼ਹਿਰ ਬ੍ਰਾਈਟਨ ਨੂੰ ਮਿਲਿਆ ਪਹਿਲਾ ਸਿੱਖ ਜੱਜ



ਵੈਨਕੂਵਰ: ਨਿਊ ਯੌਰਕ ਦੇ ਸ਼ਹਿਰ ਬ੍ਰਾਈਟਨ ਨੇ ਉਸ ਸਮੇਂ ਇਤਿਹਾਸ ਰਚਿਆ ਜਦੋਂ ਵਿਕਰਮ ਵਿਲਖੂ ਨੇ ਸ਼ਹਿਰ ਦੇ ਪਹਿਲੇ ਭਾਰਤੀ-ਅਮਰੀਕੀ ਅਪਰਾਧਕ ਜੱਜ ਵਜੋਂ ਅਹੁਦੇ ਦੀ ਸਹੁੰ ਚੁੱਕੀ। ਬ੍ਰਾਈਟਨ ਟਾਊਨ ਕੋਰਟ ਦੇ ਜੱਜ ਵਿਕਰਮ ਵਿਲਖੂ ਇੱਕ ਡੈਮੋਕਰੈਟ ਹਨ ਜੋ ਅਮਰੀਕਾ 'ਚ ਭਾਰਤੀ ਪਰਵਾਸੀਆਂ 'ਚ ਪੈਦਾ ਹੋਏ ਸਨ। ਉਹ ਨਿਊ ਯੌਰਕ ਰਾਜ ਦੇ ਇਤਿਹਾਸ 'ਚ ਚੁਣੇ ਜਾਣ ਵਾਲੇ ਪਹਿਲੇ ਸਿੱਖ ਵੀ ਹਨ। ਇਸ ਦੀ ਜਾਣਕਾਰੀ ਸਿੱਖ ਕੋਐਲੀਸ਼ਨ ਨੇ ਐਕਸ 'ਤੇ ਇੱਕ ਪੋਸਟ 'ਚ ਦਿੱਤੀ। ਸਹੁੰ ਚੁੱਕ ਸਮਾਗਮ 'ਚ ਵਿਲਖੂ ਸਮੇਤ ਪੂਰਾ ਪਰਿਵਾਰ ਮੌਜੂਦ ਸੀ। ਸਹੁੰ ਚੁੱਕਣ ਤੋਂ ਬਾਅਦ ਵਿਲਖੂ ਨੇ ਆਪਣੇ ਪਿਤਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਭਾਰਤੀ ਅਮਰੀਕੀ ਸੈਨੇਟਰ ਜੈਰੇਮੀ ਕੂਨੀ ਨੇ ਦਸੰਬਰ 2023 'ਚ ਵਿਲਖੂ ਦਾ ਉਮੀਦਵਾਰ ਵਜੋਂ ਸਵਾਗਤ ਕੀਤਾ।

ਵਿਲਖੂ ਨੇ ਆਪਣੀ ਅੰਡਰ ਗ੍ਰੈਜੂਏਟ ਸਿੱਖਿਆ ਐਮੋਰੀ ਯੂਨੀਵਰਸਿਟੀ 'ਚ ਕੀਤੀ ਸੀ ਜਿੱਥੇ ਉਨ੍ਹਾਂ ਨੇ ਧਰਮ ਅਤੇ ਮਾਨਵ-ਵਿਗਿਆਨ 'ਚ ਦੋਹਰੀ ਮੁਹਾਰਤ ਹਾਸਲ ਕੀਤੀ। ਗ੍ਰੈਜੂਏਸ਼ਨ ਤੋਂ ਬਾਅਦ ਉਨ੍ਹਾਂ ਨੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ 'ਚ ਯੋਗਦਾਨ ਪਾਇਆ ਅਤੇ 9/11 ਦੇ ਹਮਲਿਆਂ ਤੋਂ ਬਾਅਦ ਨਸਲੀ ਪ੍ਰੋਫ਼ਾਈਲਿੰਗ ਅਤੇ ਨਫ਼ਰਤੀ ਅਪਰਾਧਾਂ ਦੇ ਪੀੜਤਾਂ ਲਈ ਇੱਕ ਰਾਸ਼ਟਰੀ ਹੌਟਲਾਈਨ ਸਥਾਪਿਤ ਕਰਨ 'ਚ ਮੁੱਖ ਭੂਮਿਕਾ ਨਿਭਾਈ। ਉਸ ਤੋਂ ਬਾਅਦ ਵਿਲਖੂ ਨੇ ਕੇਸ ਵੈੱਸਟਰਨ ਰੀਜ਼ਰਵ ਯੂਨੀਵਰਸਿਟੀ ਦੇ ਲਾਅ ਸਕੂਲ 'ਚ ਦਾਖ਼ਲਾ ਲਿਆ ਅਤੇ ਆਪਣੀਆਂ ਅਕਾਦਮਿਕ ਅਤੇ ਪੜ੍ਹਾਈ ਦੇ ਨਾਲ ਹੋਰ ਗਤੀਵਿਧੀਆਂ ਲਈ ਬਹੁਤ ਸਾਰੇ ਪੁਰਸਕਾਰ ਪ੍ਰਾਪਤ ਕੀਤੇ।



# PR ਦੀ ਉਡੀਕ ਕਰ ਰਹੇ ਮੋਹਾਲੀ ਦੇ ਨੌਜਵਾਨ ਦੀ ਕਾਰ ਹਾਦਸੇ 'ਚ ਮੌਤ

ਵਿਨੀਪੈੱਗ: ਨਵਾਂ ਸਾਲ ਚੜ੍ਹਦੇ ਹੀ ਕੈਨੇਡਾ ਤੋਂ ਲਗਾਤਾਰ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਜਾਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਤਾਜ਼ਾ ਮਾਮਲੇ 'ਚ ਕੈਨੇਡਾ 'ਚ ਪੱਕੇ ਤੌਰ 'ਤੇ ਰਿਹਾਇਸ਼ (PR) ਹਾਸਿਲ ਕਰਨ ਦੀ ਉਮੀਦ ਕਰ ਰਹੇ 26 ਸਾਲਾ ਭਾਰਤੀ ਨਾਗਰਿਕ ਦੀ ਦੇਸ਼ ਦੇ ਨਿਊ ਬਰੰਜ਼ਵਿਕ ਸੂਬੇ 'ਚ ਇੱਕ ਵਾਹਨ ਹਾਦਸੇ 'ਚ ਮੌਤ ਹੋ ਗਈ। ਗਲੋਬਲ ਨਿਊਜ਼ ਨੇ ਇਸ ਹਫ਼ਤੇ ਦੱਸਿਆ ਕਿ ਪੰਜਾਬ ਦੇ ਮੋਹਾਲੀ ਦੇ ਵਸਨੀਕ ਹਰਵਿੰਦਰ ਸਿੰਘ ਦੀ 26 ਦਸੰਬਰ ਨੂੰ ਹਾਈਵੇਅ 2 'ਤੇ ਸੇਂਟ-ਐੱਨ-ਡੀ-ਮਾਡਾਵਾਸਕਾ ਵਿਖੇ ਹੋਏ ਹਾਦਸੇ 'ਚ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦ ਕਿ ਦੋ ਹੋਰ ਲੋਕ ਜ਼ਖ਼ਮੀ ਹੋਏ ਸਨ। ਉਸ ਦੇ ਸਹਿ-ਕਰਮਚਾਰੀਆਂ ਅਨੁਸਾਰ ਸਿੰਘ ਪਿਛਲੀਆਂ ਗਰਮੀਆਂ ਤੋਂ ਫ਼ਰੈਡਰਿਕਟਨ 'ਚ ਸਮਿਥ ਸਟ੍ਰੀਟ 'ਤੇ ਪਾਪਾ ਜੌਨਜ਼ ਪੀਜ਼ੇ 'ਤੇ ਕੰਮ ਕਰਦਾ ਸੀ, ਅਤੇ ਉਸ ਨੇ ਆਪਣੀ ਖ਼ੁਦ ਦੀ ਪੀਜ਼ਾ ਦੀ ਦੁਕਾਨ ਖੋਲ੍ਹਣ ਦੇ ਸੁਪਨੇ ਵੀ ਸੰਜੋਏ ਹੋਏ ਸਨ। ਉਨ੍ਹਾਂ ਨੇ ਦੱਸਿਆ ਕਿ ਉਹ ਦੋ ਨੌਕਰੀਆਂ 'ਤੇ ਕੰਮ ਕਰਦਾ ਸੀ ਅਤੇ ਦੇਸ਼ 'ਚ ਸਥਾਈ ਨਿਵਾਸ ਲਈ ਕੋਸ਼ਿਸ਼ ਕਰ ਰਿਹਾ ਸੀ। ਰੈਸਟੋਰੈਂਟ, ਜੋ ਸਿੰਘ ਨੂੰ ਪਰਿਵਾਰ ਦੇ ਇੱਕ ਮੈਂਬਰ ਵਾਂਗ ਸਮਝਦਾ ਸੀ, ਹੁਣ ਆਪਣੇ ਮ੍ਰਿਤਕ ਵਰਕਰ ਦੀ ਮੰਗੇਤਰ ਅਤੇ ਪਰਿਵਾਰ ਲਈ ਪੈਸੇ ਇਕੱਠੇ ਕਰ ਰਿਹਾ ਹੈ। ਇਸ ਨੂੰ ਦਿਲ ਦਹਿਲਾਉਣ ਵਾਲੀ ਘਟਨਾ ਦੱਸਦਿਆਂ ਰੈਸਟੋਰੈਂਟ ਦੀ ਮਾਲਕਣ ਏਰਿਕਾ ਵੈਲਿਸ ਨੇ ਕਿਹਾ ਕਿ ਉਹ ਵਿਕਰੀ ਤੋਂ ਪ੍ਰਾਪਤ ਸਾਰੀ ਕਮਾਈ ਸਿੰਘ ਦੀ ਦੇਹ ਨੂੰ ਭਾਰਤ ਵਾਪਿਸ ਭੇਜਣ 'ਤੇ ਖ਼ਰਚਣ ਦੇ ਨਾਲ-ਨਾਲ ਅੰਤਿਮ ਸੰਸਕਾਰ ਲਈ ਖ਼ਰਚੇ ਦਾ ਭੁਗਤਾਨ ਕਰਨ ਲਈ ਦਾਨ ਕਰੇਗੀ। ਇਸ ਮਗਰੋਂ ਪੂਰਾ ਦਿਨ ਫ਼ੰਡ ਆਉਂਦਾ ਰਿਹਾ ਅਤੇ ਦੁਪਹਿਰ ਤਕ ਰੈਸਟੋਰੈਂਟ ਵਿਕਰੀ 'ਚ 15 ਹਜ਼ਾਰ ਡਾਲਰ ਅਤੇ 250 ਤੋਂ ਵੱਧ ਆਰਡਰ ਦੇ ਨੇੜੇ ਤਕ ਪਹੁੰਚ ਗਈ। ਵੈਲਿਸ ਨੇ ਨਿਊਜ਼ ਆਊਟਲੈਟ ਨੂੰ ਦੱਸਿਆ, "ਅਸੀਂ ਲੋਕਾਂ ਤੋਂ ਮਿਲ ਰਹੇ ਸਮਰਥਨ ਤੋਂ ਹੈਰਾਨ ਹਾਂ। ਛੁੱਟੀਆਂ ਤੋਂ ਠੀਕ ਪਹਿਲਾਂ ਸਿੰਘ ਦੇ ਨਾਲ ਸਟਾਫ਼ ਨੇ ਕ੍ਰਿਸਮਿਸ ਦੇ ਹੈੱਡਬੈਂਡ ਪਹਿਨੇ ਸਨ ਅਤੇ ਕੁੱਝ ਫ਼ੋਟੋਆਂ ਲਈ ਪੋਜ਼ ਦਿੱਤੇ ਸਨ।

# ਕਾਂਗਰਸ ਹਾਈ ਕਮਾਂਡ ਦੀ ਸਿੱਧੂ ਦੀਆਂ ਗਤੀਵਿਧੀਆਂ 'ਤੇ ਨਜ਼ਰ



ਮਾਲਟਨ: ਜਿੱਤੇਗੀ ਕਾਂਗਰਸ ਬੈਨਰ ਹੇਠ ਕੀਤੀ ਰੈਲੀ ਵਿਵਾਦਾਂ ਦੀਆਂ ਘੁੰਮਣ-ਘੇਰੀਆਂ ਦਰਮਿਆਨ ਸਿਰੇ ਚੜ੍ਹ ਗਈ, ਪਰ ਕਾਂਗਰਸ ਹਾਈ ਕਮਾਨ ਸਿੱਧੂ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਜਾਣਕਾਰੀ ਅਨੁਸਾਰ ਪੰਜਾਬ ਕਾਂਗਰਸ 'ਚ ਕਸ਼ਮਕਸ਼ ਚੱਲ ਰਹੀ ਹੈ ਅਤੇ ਨਵਜੋਤ ਸਿੱਧੂ ਨੇ ਪੰਜਾਬ 'ਚ ਆਪਣੇ ਪੱਧਰ 'ਤੇ ਰੈਲੀਆਂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਹਾਈ ਕਮਾਨ ਕਾਹਲੀ 'ਚ ਕੋਈ ਫ਼ੈਸਲਾ ਨਹੀਂ ਲੈਣਾ ਚਾਹੁੰਦੀ ਅਤੇ ਅਜਿਹੇ 'ਚ ਹਾਈ ਕਮਾਨ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਗਰਾਊਂਡ ਤਿਆਰ ਕਰਨਾ ਚਾਹੁੰਦੀ ਹੈ, ਇਸ ਲਈ ਨਵਜੋਤ ਸਿੱਧੂ ਦੀਆਂ ਰੈਲੀਆਂ ਨੂੰ ਬਹੁਤ ਕਰੀਬ ਤੋਂ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ ਰੈਲੀ 'ਚ ਕਾਂਗਰਸ ਦੇ ਕਰੀਬ ਅੱਧੀ ਦਰਜਨ ਸਾਬਕਾ ਵਿਧਾਇਕਾਂ ਸਮੇਤ ਸਿੱਧੂ ਸਮਰਥਕਾਂ ਨੇ ਤਸੱਲੀਬਖ਼ਸ਼ ਹਾਜ਼ਰੀ ਭਰੀ।

ਮੰਚ 'ਤੇ ਲੱਗੇ ਫ਼ਲੈਕਸ 'ਚ ਹੋਰ ਕਾਂਗਰਸੀ ਆਗੂਆਂ ਸਮੇਤ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਤਸਵੀਰ ਸ਼ਾਮਿਲ ਸੀ। ਇਹ ਗੱਲ ਵੱਖਰੀ ਹੈ ਕਿ ਵੜਿੰਗ ਅਤੇ ਪੰਜਾਬ ਵਿਧਾਨ ਸਭਾ 'ਚ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਿੱਧੂ ਵਲੋਂ ਅਜਿਹੀਆਂ ਰੈਲੀਆਂ ਦੀ ਖੁੱਲ੍ਹ ਕੇ ਮੁਖ਼ਾਲਫ਼ਤ ਕਰ ਚੁੱਕੇ ਹਨ, ਪਰ ਦੂਜੇ ਪਾਸੇ ਨਵਜੋਤ ਸਿੱਧੂ ਦਾ ਹਰ ਵਾਰ ਇਹੋ ਕਹਿਣਾ ਹੁੰਦਾ ਹੈ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਹੀ ਕੰਮ ਕਰ ਰਹੇ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅੱਜ ਦੀ ਰੈਲੀ ਨੂੰ ਕਾਂਗਰਸ ਹਾਈ ਕਮਾਨ ਸ਼ਿਸ਼ਤ ਬੰਨ੍ਹ ਕੇ ਲੁੱਕਵੇਂ ਢੰਗ ਨਾਲ ਵੇਖ ਰਹੀ ਸੀ।

ਦੱਸਿਆ ਜਾ ਰਿਹਾ ਹੈ ਕਿ ਇਸ ਰੈਲੀ ਤੋਂ ਬਾਅਦ ਆਹਲਾ ਲੀਡਰਸ਼ਿਪ ਕਿਸੇ ਅਨੁਸਾਸ਼ਨੀ ਕਾਰਵਾਈ ਕਰਨ ਬਾਰੇ ਸੋਚ ਸਕਦੀ ਹੈ। ਚਰਚਾ ਹੈ ਕਿ ਸਿੱਧੂ ਵਲੋਂ ਮਹਿਰਾਜ ਤੋਂ ਬਾਅਦ ਕੋਟਸ਼ਮੀਰ ਅਤੇ ਇਸ ਤੋਂ ਮਗਰੋਂ ਇੱਕ ਤੋਂ ਬਾਅਦ ਇੱਕ ਹੋਰ ਅਜਿਹੇ ਕੀਤੇ ਜਾ ਰਹੇ ਇਕੱਠਾਂ ਨੂੰ ਸੂਬੇ ਦੇ ਵੱਡੇ ਕਾਂਗਰਸੀ ਆਗੂ ਆਪਣੇ ਲਈ ਸਿਰਦਰਦੀ ਮੰਨ ਰਹੇ ਹਨ। ਇਸ ਸਬੰਧੀ ਉਹ ਪਹਿਲਾਂ ਵੀ ਕੇਂਦਰੀ ਕਾਂਗਰਸੀ ਆਗੂਆਂ ਕੋਲ ਸ਼ਿਕਾਇਤ ਕਰ ਚੁੱਕੇ ਹਨ ਅਤੇ ਹੁਣ ਵੀ ਕਰਨ ਦੀ ਉਮੀਦ ਹੈ। ਉਧਰ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਗਏ ਇੰਚਾਰਜ ਦੇਵੇਂਦਰ ਯਾਦਵ ਵੀ ਪਿਛਲੇ ਦਿਨੀਂ ਸਖ਼ਤ ਅਨੁਸਾਸ਼ਨੀ ਕਾਰਵਾਈ ਕਰਨ ਦਾ ਡਰਾਵਾ ਦੇ ਚੁੱਕੇ ਹਨ। ਸੂਤਰ ਦੱਸਦੇ ਹਨ ਕਿ ਸਿੱਧੂ ਦੀ ਗਾਂਧੀ ਪਰਿਵਾਰ ਨਾਲ ਨੇੜਤਾ ਸੀਨੀਅਰ ਆਗੂਆਂ ਨੂੰ ਉਨ੍ਹਾਂ ਖ਼ਿਲਾਫ਼ ਕਾਰਵਾਈ ਦੇ ਰਾਹ 'ਚ ਅੜਿੱਕਾ ਬਣ ਰਹੀ ਹੈ। ਅਜਿਹੇ 'ਚ ਜੇਕਰ ਸਿੱਧੂ ਵਲੋਂ ਅਲਹਿਦਾ ਤੌਰ 'ਤੇ ਇਸੇ ਤਰ੍ਹਾਂ ਸਰਗਰਮੀਆਂ ਜਾਰੀ ਰਹਿੰਦੀਆਂ ਹਨ ਤਾਂ ਇਹ ਵਾਚਣ ਵਾਲਾ ਪੱਖ ਹੋਵੇਗਾ ਕਿ ਕੀ ਇਹ ਪਾਰਟੀ ਨੂੰ ਮਜ਼ਬੂਤ ਕਰਦੀਆਂ ਹਨ ਜਾਂ ਦੁਫ਼ੇੜ ਪੈਦਾ ਕਰਨ ਦਾ ਸਬੱਬ ਹੋ ਨਿੱਬੜਦੀਆਂ ਹਨ।

# 2023 'ਚ 24 ਨਸ਼ਾ ਸਮੱਗਲਰਾਂ ਦੀਆਂ 6.56 ਕਰੋੜ ਰੁਪਏ ਦੀਆਂ ਜਾਇਦਾਦਾਂ ਕੀਤੀਆਂ ਜ਼ਬਤ

ਚੰਡੀਗੜ੍ਹ: ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ 'ਚ ਅਹਿਮ ਯੋਗਦਾਨ ਪਾਉਂਦੀਆਂ ਜ਼ਿਲ੍ਹਾ ਬਰਨਾਲਾ ਦੇ ਸਾਲ 2023 'ਚ 24 ਨਸ਼ਾ ਸਮੱਗਲਰਾਂ ਦੀਆਂ 6.56 ਕਰੋੜ ਰੁਪਏ ਦੀਆਂ ਸੰਪਤੀਆਂ ਜ਼ਬਤ ਕੀਤੀਆਂ ਗਈਆਂ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਅਤੇ ਜ਼ਿਲ੍ਹਾ ਪੁਲੀਸ ਮੁਖੀ ਸੰਦੀਪ ਮਲਿਕ ਨੇ ਦੱਸਿਆ ਕਿ ਨਸ਼ਿਆਂ ਸਬੰਧੀ ਜਾਣਕਾਰੀ ਬਾਰੇ ਸਹੀ ਤਾਲਮੇਲ ਰੱਖਣ ਲਈ ਬਣਾਈ ਗਈ ਨਾਰਕੋ ਕੋਆਰਡੀਨੇਸ਼ਨ ਕਮੇਟੀ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਇਸ ਕਮੇਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸਤਵੰਤ ਸਿੰਘ ਨੇ ਦੱਸਿਆ ਕਿ 24 ਦੋਸ਼ੀਆਂ ਦੀ ਪ੍ਰੌਪਰਟੀਆਂ ਪੰਜਾਬ ਅਤੇ ਹੋਰ ਸ਼ਹਿਰਾਂ 'ਚ ਜ਼ਬਤ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਸਿਹਤ ਵਿਭਾਗ ਵਲੋਂ ਨਸ਼ਾ ਛੁਡਾਓ ਸਬੰਧੀ ਓਟ ਕਲੀਨਿਕ ਚਲਾਏ ਜਾ ਰਹੇ ਹਨ ਜਿਨ੍ਹਾਂ 'ਚ ਲੋਕਾਂ ਨੂੰ ਨਸ਼ਾ ਮੁਕਤੀ ਲਈ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਵਧੀਕ ਡਿਪਟੀ ਕਮਿਸ਼ਨਰ ਸਤਵੰਤ ਸਿੰਘ ਨੇ ਕਿਹਾ ਕਿ ਬੱਚਿਆਂ ਦੀ ਖੇਡਾਂ 'ਚ ਰੂਚੀ ਵਧਾਉਣ ਲਈ ਸਕੂਲ ਪੱਧਰ 'ਤੇ ਰੋਜ਼ਾਨਾ ਖੇਡਾਂ ਸ਼ੁਰੂ ਕੀਤੀਆਂ ਜਾਣ ਤਾਂ ਜੋ ਉਨ੍ਹਾਂ ਦਾ ਧਿਆਨ ਚੰਗੀ ਸਿਹਤ ਵਾਲੇ ਪਾਸੇ ਹੋਵੇ ਅਤੇ ਉਹ ਨਸ਼ਿਆ ਤੋਂ ਦੂਰ ਰਹਿਣ।

# ਬੱਚੇ ਨੇ ਕਲਾਸਮੇਟ ਨੂੰ ਤੋਹਫ਼ੇ 'ਚ ਦਿੱਤਾ 20 ਤੋਲੇ ਸੋਨਾ



ਮਾਮਲਾ ਚੀਨ ਦੇ ਸਿਚੂਐਨ ਸੂਬੇ ਦਾ ਹੈ। ਇੱਥੇ ਇੱਕ ਕਿੰਡਰਗਾਰਟਨ 'ਚ ਪੜ੍ਹਦਾ ਇੱਕ ਬੱਚਾ ਆਪਣੀ ਇੱਕ ਸਹਿਪਾਠੀ ਨੂੰ ਇੰਨਾ ਪਸੰਦ ਕਰਦਾ ਸੀ ਕਿ ਉਸ ਨੂੰ ਉਸ ਨਾਲ ਇੱਕ ਲੰਮਾ ਭਵਿੱਖ ਨਜ਼ਰ ਆਉਣ ਲੱਗਾ। ਭਾਵੇਂ ਦੋਹੇਂ ਬੱਚਿਆਂ ਦੀ ਉਮਰ 4-5 ਸਾਲ ਦੇ ਕਰੀਬ ਹੈ, ਪਰ ਆਪਣੀ ਵਚਨਬੱਧਤਾ ਨੂੰ ਸਾਬਿਤ ਕਰਨ ਲਈ ਲੜਕੇ ਨੇ ਘਰੋਂ 100-100 ਗ੍ਰਾਮ ਦੇ ਦੋ ਸੋਨੇ ਦੇ ਬਿਸਕੁੱਟ ਲੈ ਕੇ ਆਪਣੀ ਫੀਮੇਲ ਦੋਸਤ ਨੂੰ ਤੋਹਫ਼ੇ ਵਜੋਂ ਦਿੱਤੇ। ਜਦੋਂ ਉਹ ਲੜਕੀ ਸੋਨੇ ਨੂੰ ਲੈ ਕੇ ਘਰ ਪਹੁੰਚੀ ਅਤੇ ਉਸ ਨੇ ਤੋਹਫ਼ਾ ਆਪਣੇ ਮਾਪਿਆਂ ਨੂੰ ਦਿਖਾਇਆ ਤਾਂ ਉਹ ਹੈਰਾਨ ਰਹਿ ਗਏ।

ਵੈਨਕੂਵਰ: ਛੋਟੇ ਬੱਚਿਆਂ ਦੀਆਂ ਸ਼ਰਾਰਤਾਂ ਹਰ ਕਿਸੇ ਨੂੰ ਚੰਗੀਆਂ ਲੱਗਦੀਆਂ ਹਨ। ਆਮ ਤੌਰ 'ਤੇ ਤੁਸੀਂ KG ਅਤੇ ਨਰਸਰੀ ਦੇ ਬੱਚਿਆਂ ਤੋਂ ਤੋਹਫ਼ੇ ਵਜੋਂ ਪੈਨਸਿਲਾਂ ਅਤੇ ਚੌਕਲੇਟਾਂ ਦੇਣ ਦੀ ਉਮੀਦ ਕਰ ਸਕਦੇ ਹੋ ਜਾਂ ਵੱਧ ਤੋਂ ਵੱਧ ਉਹ ਆਪਣਾ ਇੱਕ ਮਹਿੰਗਾ ਖਿਡੌਣਾ ਕਿਸੇ ਨੂੰ ਦੇ ਸਕਦੇ ਹਨ। ਅੱਜ ਅਸੀਂ ਜਿਸ ਬੱਚੇ ਬਾਰੇ ਦੱਸਣ ਜਾ ਰਹੇ ਹਾਂ ਉਸ ਨੇ ਇੰਨੀ ਕੀਮਤੀ ਚੀਜ਼ ਤੋਹਫ਼ੇ 'ਚ ਦੇ ਦਿੱਤੀ ਜਿਸ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਇਸ ਘਟਨਾ ਬਾਰੇ ਜਾਣ ਕੇ ਬੱਚੇ ਦੇ ਮਾਪੇ ਵੀ ਸਦਮੇ 'ਚ ਹਨ।

ਸਾਊਥ ਚਾਈਨਾ ਮੌਰਨਿੰਗ ਪੋਸਟ ਦੀ ਰਿਪੋਰਟ ਮੁਤਾਬਿਕ ਇਹ




ਮਨ ਜਿੱਤ
ਵੀਕਲੀ

# ਵਿਰੋਧੀ ਧਿਰ ਦੀ ਭੂਮਿਕਾ

ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੀਆਂ ਪਾਰਟੀਆਂ ਨੇ ਸੀਟਾਂ ਦੇ ਵਟਾਂਦਰੇ ਬਾਰੇ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਹੁਣ ਤਕ ਦੇ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਬਿਹਾਰ ਤੇ ਮਹਾਰਾਸ਼ਟਰ ਵਿਚ ਇਸ ਸਬੰਧੀ ਸਹਿਮਤੀ ਬਣ ਰਹੀ ਹੈ। ਨੌਂ ਜਨਵਰੀ ਨੂੰ ਮਹਾਰਾਸ਼ਟਰ ਦੀਆਂ 48 ਸੀਟਾਂ ਸਬੰਧੀ ਮਹਾਂ ਵਿਕਾਸ ਅਗਾੜੀ ਦੀਆਂ ਪਾਰਟੀਆਂ ਵਿਚਕਾਰ ਹੋਈ ਗੱਲਬਾਤ 'ਚੋਂ ਇਹ ਸੰਕੇਤ ਮਿਲਦੇ ਹਨ ਕਿ ਸ਼ਿਵ ਸੈਨਾ (ਊਧਵ) 18-20, ਕਾਂਗਰਸ 17-19 ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ 8-10 ਸੀਟਾਂ 'ਤੇ ਚੋਣ ਲੜ ਸਕਦੀਆਂ ਹਨ। ਮਹਾਰਾਸ਼ਟਰ ਵਿਚ ਇਹ ਪਾਰਟੀਆਂ ਹੋਰ ਛੋਟੀਆਂ ਪਾਰਟੀਆਂ ਜਿਵੇਂ ਪ੍ਰਕਾਸ਼ ਅੰਬੇਡਕਰ ਦੀ ਅਗਵਾਈ ਵਾਲੀ ਬਹੁਜਨ ਸਮਾਜ ਅਗਾੜੀ, ਪੀਜ਼ੈਂਟਸ ਐਂਡ ਵਰਕਰਜ ਪਾਰਟੀ ਅਤੇ ਖੱਬੇ ਪੱਖੀ ਪਾਰਟੀਆਂ ਨਾਲ ਗੱਲਬਾਤ ਕਰਨ ਦੇ ਰੌਂਅ 'ਚ ਦਿਖਾਈ ਦਿੱਤੀਆਂ। ਭਾਰਤੀ ਜਨਤਾ ਪਾਰਟੀ ਜਿਹੀ ਸਮਰੱਥ ਸਿਆਸੀ ਤਾਕਤ ਵਿਰੁੱਧ ਮੁਹਾਜ ਅਜਿਹੀ ਪਹੁੰਚ ਨਾਲ ਹੀ ਬਣਾਇਆ ਜਾ ਸਕਦਾ ਹੈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਵੱਡੀ ਟੁੱਟ-ਭੱਜ ਦਾ ਸ਼ਿਕਾਰ ਹੋਈਆਂ ਹਨ। 2019 ਦੀਆਂ ਲੋਕ ਸਭਾ ਚੋਣਾਂ ਵਿਚ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਭਾਜਪਾ ਨੇ ਕੌਮੀ ਜਮਹੂਰੀ ਗੱਠਜੋੜ ਵਜੋਂ ਇਕੱਠਿਆਂ ਚੋਣ ਲੜ ਕੇ 41 ਸੀਟਾਂ (ਭਾਰਤੀ ਜਨਤਾ ਪਾਰਟੀ ਨੇ 23 ਅਤੇ ਸ਼ਿਵ ਸੈਨਾ ਨੇ 18) ਜਿੱਤੀਆਂ ਸਨ; ਗੱਠਜੋੜ ਨੂੰ 50 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ ਸਨ; ਕਾਂਗਰਸ ਨੂੰ 2 ਹਲਕਿਆਂ ਤੇ ਐੱਨਸੀਪੀ ਨੂੰ 4 ਹਲਕਿਆਂ ਵਿਚ ਸਫਲਤਾ ਮਿਲੀ ਸੀ। ਹੁਣ ਸ਼ਿਵ ਸੈਨਾ ਦੋ ਹਿੱਸਿਆਂ ਵਿਚ ਵੰਡੀ ਗਈ ਹੈ ਅਤੇ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਨੇ ਸੂਬੇ ਦੇ ਮੁੱਖ ਮੰਤਰੀ ਦੀ ਅਗਵਾਈ ਵਾਲੇ ਧੜੇ ਨੂੰ ਅਸਲੀ ਸ਼ਿਵ ਸੈਨਾ ਵਜੋਂ ਮਾਨਤਾ ਦਿੱਤੀ ਹੈ। ਐੱਨਸੀਪੀ ਵੀ ਦੋਫਾੜ ਹੋ ਗਈ ਹੈ। ਅਜੀਤ ਪਵਾਰ ਦਾ ਧੜਾ ਸੱਤਾਧਾਰੀ ਧਿਰ ਦੇ ਨਾਲ ਹੈ। ਇਸ ਸਭ ਦੇ ਬਾਵਜੂਦ ਮਹਾਰਾਸ਼ਟਰ ਉਨ੍ਹਾਂ ਸੂਬਿਆਂ ਵਿਚੋਂ ਪ੍ਰਮੁੱਖ ਹੈ ਜਿਨ੍ਹਾਂ ਬਾਰੇ ਭਾਜਪਾ ਨੂੰ ਕੁਝ ਚਿੰਤਾ ਹੈ। ਭਾਜਪਾ, ਸ਼ਿਵ ਸੈਨਾ (ਸ਼ਿੰਦੇ) ਅਤੇ ਐੱਨਸੀਪੀ ਪਵਾਰ ਧੜੇ ਵਾਲਾ ਗੱਠਜੋੜ ਲੋਕਾਂ ਵਿਚ ਜ਼ਿਆਦਾ ਭਰੋਸਾ ਉਭਾਰਨ ਵਾਲਾ ਨਹੀਂ ਹੈ। ਬਿਹਾਰ ਦੇ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਉੱਥੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਅਤੇ ਜਨਤਾ ਦਲ ਯੂਨਾਈਟਡ 17-17 ਸੀਟਾਂ 'ਤੇ ਚੋਣ ਲੜਨਗੇ ਅਤੇ ਕਾਂਗਰਸ 4 ਸੀਟਾਂ 'ਤੇ। ਦੋ ਸੀਟਾਂ ਖੱਬੀਆਂ ਪਾਰਟੀਆਂ ਲਈ ਛੱਡੀਆਂ ਜਾਣਗੀਆਂ। ਦਿੱਲੀ ਸਬੰਧੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਹੋਈ ਗੱਲਬਾਤ ਤੋਂ ਵੀ ਸਹਿਮਤੀ ਦੇ ਸੰਕੇਤ ਮਿਲਦੇ ਹਨ। ਅਸਲ ਵਿਚ ਮਹਾਰਾਸ਼ਟਰ, ਦਿੱਲੀ, ਝਾਰਖੰਡ, ਤਿਲੰਗਾਨਾ, ਕਰਨਾਟਕ, ਪੰਜਾਬ ਹੀ ਕੁਝ ਅਜਿਹੇ ਸੂਬੇ ਹਨ ਜਿੱਥੇ ਇੰਡੀਆ ਗੱਠਜੋੜ 2019 ਦੀਆਂ ਲੋਕ ਸਭਾ ਚੋਣਾਂ ਤੋਂ ਬਿਹਤਰ ਕਾਰਗੁਜਾਰੀ ਦਿਖਾ ਸਕਦਾ ਹੈ। ਰਾਜਸਥਾਨ ਵਿਚ ਕਾਂਗਰਸ ਨੂੰ ਸੀਪੀਐੱਮ ਅਤੇ ਹੋਰ ਛੋਟੀਆਂ ਪਾਰਟੀਆਂ ਪ੍ਰਤੀ ਫਰਾਖਦਿਲੀ ਵਿਖਾਉਣ ਦੀ ਲੋੜ ਹੈ। ਉੱਤਰ ਪ੍ਰਦੇਸ਼ ਵਿਚ ਵੀ ਸਮਾਜਵਾਦੀ ਪਾਰਟੀ, ਕਾਂਗਰਸ ਅਤੇ ਰਾਸ਼ਟਰੀ ਲੋਕ ਦਲ ਵਿਚਕਾਰ ਸਮਝੌਤਾ ਹੋਣ ਦੇ ਸੰਕੇਤ ਮਿਲੇ ਹਨ ਪਰ ਉੱਥੇ ਭਾਜਪਾ ਕਾਫੀ ਮਜਬੂਤ ਸਥਿਤੀ ਵਿਚ ਹੈ। ਕਈ ਸੂਬਿਆਂ ਜਿਵੇਂ ਬੰਗਾਲ ਤੇ ਪੰਜਾਬ ਵਿਚ 'ਇੰਡੀਆ' ਗੱਠਜੋੜ ਨੂੰ ਸੀਟਾਂ ਦੇ ਵਟਾਂਦਰੇ ਵਿਚ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਵਿਰੋਧੀ ਪਾਰਟੀਆਂ ਵੱਡੇ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਉਨ੍ਹਾਂ ਕੋਲ ਨਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗਾ ਕੋਈ ਆਗੂ ਹੈ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸਵੈਮਸੇਵਕ ਸੰਘ ਵਰਗੀਆਂ ਮਜਬੂਤ ਜਥੇਬੰਦੀਆਂ। ਵਿਰੋਧੀ ਪਾਰਟੀਆਂ ਨੂੰ ਆਪਣੇ ਖੇਤਰੀ ਆਗੂਆਂ ਦੀ ਹਉਮੈ ਕਾਰਨ ਵੀ ਮੁਸ਼ਕਿਲਾਂ ਆਉਂਦੀਆਂ ਹਨ। ਕਾਂਗਰਸ ਹਰ ਸੂਬੇ ਵਿਚ ਧੜਿਆਂ ਵਿਚ ਵੰਡੀ ਹੋਈ ਹੈ ਜੋ ਜ਼ਿਆਦਾ ਊਰਜਾ ਇਕ ਦੂਜੇ ਨਾਲ ਲੜਨ ਵਿਚ ਖਰਚ ਕਰਦੇ ਹਨ। 'ਇੰਡੀਆ' ਗੱਠਜੋੜ ਵਿਚ ਮਲਿਕਾਰਜੁਨ ਖੜਗੇ ਪ੍ਰਭਾਵਸ਼ਾਲੀ ਆਗੂ ਵਜੋਂ ਉੱਭਰਿਆ ਹੈ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਸ਼ੁਰੂ ਹੋਣ ਵਾਲੀ 'ਭਾਰਤ ਜੋੜੋ ਨਿਆਏ ਯਾਤਰਾ' ਵੀ ਬੇਰੁਜਗਾਰੀ ਤੇ ਭਾਜਪਾ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਜਿਹੇ ਮੁੱਦੇ ਉਠਾਏਗੀ ਪਰ ਇਸ ਦੇ ਬਾਵਜੂਦ ਪਾਰਟੀ ਦਾ ਆਪਣਾ ਬਿਆਨੀਆ ਲੋਕਾਂ ਤਕ ਪਹੁੰਚਾਉਣਾ ਕੋਈ ਆਸਾਨ ਕੰਮ ਨਹੀਂ ਹੈ। ਦੂਸਰੇ ਪਾਸੇ ਭਾਜਪਾ ਨੂੰ ਯਕੀਨ ਹੈ ਕਿ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਸਮਾਰੋਹ ਪਾਰਟੀ ਨੂੰ ਵੱਡਾ ਹੁਲਾਰਾ ਦੇਵੇਗਾ। 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਨੂੰ ਸੀਟਾਂ ਦੇ ਵਟਾਂਦਰੇ ਸਬੰਧੀ ਗੱਲਬਾਤ ਨੂੰ ਜਲਦੀ ਸਿਰੇ ਲਾਉਣ ਦੀ ਲੋੜ ਹੈ ਕਿਉਂਕਿ ਚੋਣਾਂ ਵਿਚ ਬਹੁਤ ਘੱਟ ਸਮਾਂ ਬਚਿਆ ਹੈ। ਜਮਹੂਰੀਅਤ ਵਿਚ ਮਜਬੂਤ ਵਿਰੋਧੀ ਧਿਰ ਦੀ ਭੂਮਿਕਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। - **ਕਰਮ ਸਿੰਘ 'ਕਰਮ'**



# 'ਰੱਖੀਂ ਸਦਾ ਬਹਾਰਾਂ 'ਚ'



**ਬਲਦੇਵ ਸਿੰਘ 'ਗਿੱਲ'**

ਸਭਦਾ ਹੱਸਦਾ ਚਿਹਰਾ ਹੋਵੇ, ਖੁਸ਼ੀਆਂ ਭਰਿਆ ਵਿਹੜਾ ਹੋਵੇ,
ਖੁਸ਼ੀਆਂ ਸਭ ਮਨਾਵਣ ਦਾਤਾ, ਬਹਿਕੇ ਮਿੱਤਰਾਂ ਯਾਰਾਂ'ਚ,
ਔਖੀ ਘੜੀ ਨਾ ਦੇਖਣ ਦਈਂ,ਦਾਤਾ ਰੱਖੀਂ ਸਦਾ ਬਹਾਰਾਂ'ਚ।
ਤਾਤੀ ਵਾਓ ਨਾ ਲੱਗੇ ਦਾਤਾ, ਐਨੀ ਰਹਿਮਤ ਕਰ ਦੇਵੀਂ,
ਬਚਾ ਲਈਂ ਹਉਮੈਂ ਲਾਲਚ ਤੋਂ, ਖੁਸ਼ੀ ਨ ਝੋਲ੍ਹੀ ਭਰ੍ਹ ਦੇਵੀਂ
ਗੀਤ ਖੁਸ਼ੀ ਦੇ ਗਾਵਣ ਸਾਰੇ, ਬਹਿਕੇ ਭੈਣ ਭਰਾਵਾਂ'ਚ,
ਔਖੀ ਘੜੀ ਨਾ ਦੇਖਣ ਦਈਂ, ਦਾਤਾ ਰੱਖੀਂ ਸਦਾ ਬਹਰਾਂ'ਚ।
ਮਿਹਰਾਂ ਵਾਲਿਆ ਮਿਹਰ ਤੇਰੀ ਨਾਲ, ਦਾਤਾਂ ਸਭੇ ਪਾ ਲਈਏ,
ਬਣਕੇ ਸੰਗਤ ਵਿੱਚ ਬਹਿਕੇ ਪੰਗਤ, ਰਲਕੇ ਸਾਰੇ ਖਾ ਲਈਏ।
ਊਚ-ਨੀਚ ਦਾ ਭੇਦ ਵੀ ਮਿਟਜੇ, ਸਭਨਾਂ ਦਿਆਂ ਵਿਚਾਰਾਂ'ਚ।
ਔਖੀ ਘੜੀ ਨਾ ਦੇਖਣ ਦਈਂ, ਦਾਤਾ ਰੱਖੀਂ ਸਦਾ ਬਹਾਰਾਂ'ਚ।
ਮਾਪਿਆਂ ਅਤੇ ਬਜ਼ੁਰਗਾਂ ਦਾ,ਸਾਇਆ ਸਦਾ ਈ ਸਿਰ ਹੋਵੇ,
ਬਿਨ੍ਹਾਂ ਔਲਾਦ ਨਾ ਮਾਂ ਪਿਉ ਕੋਈ, ਅੱਖੀਆਂ ਭਰ੍ਹ ਭਰ੍ਹ ਰੋਵੇ,
ਬਖਸ਼ ਦੇਈਂ ਇੱਕ ਵੀਰ ਭੈਣ ਨੂੰ, ਖੇਡੇ ਚਾਅ ਮਲਾਰਾਂ'ਚ,
ਔਖੀ ਘੜੀ ਨ ਦੇਖਣ ਦਈਂ,ਦਾਤਾ ਰੱਖੀਂ ਸਦਾ ਬਹਾਰਾਂ'ਚ।
ਹਰ ਕੋਈ ਪ੍ਰੇਮੀ, ਸੱਚੇ ਪਿਆਰ ਦੀ ਰੀਤ ਨਿਭਾਅ ਜਾਵੇ,
ਦੋ ਰੂਹਾਂ ਵਿੱਚ ਉਹ, ਸੱਚੇ ਇਸ਼ਕ ਦੀ ਜੋਤ ਜਗਾ ਜਾਵੇ,
ਇਸ਼ਕ ਇਬਾਦਤ ਰੱਬ ਦੀ ਸਮਝ੍ਹਣ, ਉਚੇ ਸੋਚ ਵਿਚਾਰਾਂ'ਚ,
ਔਖੀ ਘੜੀ ਨਾ ਦੇਖਣ ਦਈਂ, ਦਾਤਾ ਰੱਖੀਂ ਸਦਾ ਬਹਾਰਾਂ'ਚ।
ਰਾਖੇ ਧਰਮ ਦੇ ਧਰਮ'ਚ ਰਹਿਕੇ, ਆਪਣਾ ਧਰਮ ਨਿਭ੍ਹਾ ਜਾਵਣ,
ਏਕ ਨੂਰ ਤੇ ਸਭ ਜੱਗ ਉਪਜਿਆ, ਸਮਝ੍ਹਣ ਤੇ ਸਮਝ੍ਹਾ ਜਾਵਣ,
ਵਿੱਚ ਭਰ੍ਹਮ ਭੁਲੇਖਿਆਂ ਪਾਵਣ ਵਾਲੇ, ਨੰਗੇ ਹੋਣ ਬਜ਼ਾਰਾਂ'ਚ,
ਔਖੀ ਘੜੀ ਨਾ ਦੇਖਣ ਦਈਂ, ਦਾਤਾ ਰੱਖੀਂ ਸਦਾ ਬਹਾਰਾਂ'ਚ।
ਦੇਸ਼ ਕੌਮ ਦੇ ਲੀਡਰਾਂ ਦੇ, ਇਹ ਗੱਲ ਵੀ ਖੋਪਰੀ ਪੈ ਜਾਵੇ,
ਬੇ-ਇਨਸਾਫੀ ਹੋਣ ਨਾ ਦੇਵਣ,ਭਾਵੇਂ ਗਾਟਾ ਈ ਲਹਿ ਜਾਵੇ।
ਵਧੇ ਹਮੇਸ਼ਾਂ ਮਾਣ ਉਨ੍ਹਾਂ ਦਾ,'ਗਿੱਲ' ਦਿਆਂ ਵਿਚਾਰਾਂ'ਚ,
ਔਖੀ ਘੜੀ ਨਾ ਦੇਖਣ ਦਈਂ, ਦਾਤਾ ਰੱਖੀਂ ਸਦਾ ਬਹਰਾਂ 'ਚ।

# ਸ਼ੁਕਰ ਮਨਾਓ ਦਾਤੇ ਦਾ



**ਕਰਮ ਸਿੰਘ ਕਰਮ**

ਲੋਹੜੀ ਪਾਓ ਖੁਸ਼ੀ ਮਨਾਓ, ਦੇਣਹਾਰ ਦੇ ਗੁਣ ਵੀ ਗਾਓ।
ਜਿਸਨੇ ਮਾਣ ਵਧਾਇਆ,
ਸ਼ੁਕਰ ਮਨਾਓ ਦਾਤੇ ਦਾ, ਓਸਨੇ ਜੋ ਝੋਲ੍ਹੀ ਵਿੱਚ ਪਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ ਦਿਨ ਲੋਹੜੀ ਦਾ ਆਇਆ।
ਧੀ ਵੀ ਪਿਆਰੀ, ਪੁੱਤ ਵੀ ਪਿਆਰਾ।
ਨਾਲ ਇੰਨ੍ਹਾਂ ਜੱਗ ਵਸਦਾ ਸਾਰਾ।
ਇਸ ਲਈ ਨਾ ਕੋਈ ਕਰੋ ਵਿਤਕਰਾ, ਇੰਨ੍ਹਾਂ ਜੱਗ ਹਸਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ.......................।
ਧੀ ਦੀ ਜੱਗ ਨੂੰ ਲੋੜ ਬੜੀ ਏ,
ਪੁੱਤ ਦੀ ਸਭ ਨੂੰ ਥੋੜ੍ਹ ਬੜੀ ਏ।
ਧੀਆਂ ਪੁੱਤਰਾਂ ਸਦਕੇ ਵਿਹੜਾ, ਮਾਪਿਆਂ ਦਾ ਰੁਸ਼ਨਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ.......................।
ਲੋਹੜੀ ਕਰਦੀ ਲੋੜ ਹੈ ਪੂਰੀ,
ਕਿਸੇ ਦੀ ਲੋੜ ਨਾ ਰਹੇ ਅਧੂਰੀ,
ਕਰਦੀ ਰਹੇ ਹਮੇਸ਼ਾਂ ਸਿਰ ਤੇ, ਹਰ ਇੱਕ ਦੇ ਇਹ ਸਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ.......................।
ਬੋਲੀਆਂ ਪਾ ਪਾ ਨੱਚੋ ਸਾਰੇ,
'ਗਿੱਲ' ਦੇ ਖਾਓ ਪਕਵਾਨ ਕਰਾਰੇ।
ਮੂੰਗਫ਼ਲੀ ਤੇ ਭੁੱਗਾ ਖਾ ਕੇ, ਲਓ ਸੇਕ ਧੂਣਾ ਜੋ ਧੁਖ਼ਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ.......................।
ਰਲ ਮਿਲ ਸਾਰੇ ਦਿਓ ਵਧਾਈਆਂ,
ਭਾਗਾਂ ਨਾਲ ਇਹ ਘੜ੍ਹੀਆਂ ਆਈਆਂ।
'ਕਰਮ' ਨੇ ਲਿਖਕੇ, ਹੈ, ਲੋਹੜੀ ਗੀਤ ਸੁਣਾਇਆ।
ਸ਼ੁਕਰ ਮਨਾਓ ਦਾਤੇ ਦਾ, ਜੋ ਓਸਨੇ ਝੋਲ੍ਹੀ ਵਿੱਚ ਪਾਇਆ।
ਸ਼ੁਕਰ ਮਨਾਓ ਦਾਤੇ ਦਾ, ਦੇਖੋ ਦਿਨ ਲੋਹੜੀ ਦਾ ਆਇਆ।

# ਲੋਹੜੀ



**ਬਲਦੇਵ ਸਿੰਘ 'ਗਿੱਲ'**

ਦਿਨ ਲੋਹੜੀ ਦਾ ਆਇਆ, ਲੋਕੀ ਨੱਚਦੇ ਗਾਉਂਦੇ ਨੇ।
ਭਾਗਾਂ ਵਾਲੇ ਭਾਗਾਂ ਦੇ ਨਾਲ, ਖੁਸ਼ੀ ਮਨਾਉਂਦੇ ਨੇ।
ਕਿਸੇ ਨੇ ਪਾਇਆ ਛੱਲਾ, ਤੇ ਕੋਈ ਮੁੰਦਰੀ ਚੁੰਮਦਾ ਏ।
ਮਹਿੰਦੀ ਵਾਲਾ ਹੱਥ ਫੜ੍ਹਕੇ, ਕੋਈ ਸੀਨੇ ਘੁੱਟਦਾ ਏ।
ਸੱਜ ਵਿਆਹੇ ਜੋੜੇ, ਹੱਸ-ਹੱਸ ਸ਼ਗਨ ਮਨਾਉਂਦੇ ਨੇ।
ਦਿਨ ਲੋਹੜੀ ਦਾ ਆਇਆ, ਲੋਕੀ ਨੱਚਦੇ ਗਾਉਂਦੇ ਨੇ।
ਭਾਗ ਹੋਣ ਜੇ ਚੰਗੇ, ਘਰ ਵਿੱਚ ਲੋਹੜੀਆਂ ਬਲਦੀਆਂ ਨੇ,
ਦਾਤੇ ਦੀ ਕ੍ਰਿਪਾ ਦੇ ਨਾਲ, ਜੋੜੀਆਂ ਰਲਦੀਆਂ ਨੇ।
ਕਰਮਾਂ ਵਾਲੇ ਇਸ ਦਿਨ, ਬੱਚੇ ਗੋਦ ਖਿੰਡਾਉਂਦੇ ਨੇ।
ਦਿਨ ਲੋਹੜੀ ਦਾ ਆਇਆ, ਲੋਕੀ ਨੱਚਦੇ ਗਾਉਂਦੇ ਨੇ।
ਚਿੜਬੇ ਰਿਊੜੀਆਂ ਮੂੰਗਫਲੀ ਗੁੜ ਫੁੱਲੇ, ਵੰਡਦੇ ਨੇ।
ਖੁਸ਼ੀਆਂ ਪੂਰੀਆਂ ਕਰਨ ਲਈ ਸਭ ਲੋਹੜੀ ਮੰਗਦੇ ਨੇ।
ਬਾਲਕੇ ਧੂਣਾ ਘਰ ਵਿੱਚ ਤਿਲ਼ ਤੇ ਭੁੱਗੇ ਪਾਉਂਦੇ ਨੇ।
ਦਿਨ ਲੋਹੜੀ ਦਾ ਆਇਆ, ਲੋਕੀ ਨੱਚਦੇ ਗਾਉਂਦੇ ਨੇ।
'ਗਿੱਲ','ਢਿੱਲੋਂ' ਨੂੰ ਮਿਲੀਆਂ, ਦੋਹਤੇ ਪੋਤੇ ਦੀਆਂ ਦਾਤਾਂ ਨੇ
ਚੰਨ ਤੋਂ ਸੋਹਣੇ 'ਰਾਜਵੀਰ' ਦੀਆਂ, ਵੱਖਰੀਆਂ ਬਾਤਾਂ ਨੇ।
ਚੁੰਮ-ਚੁੰਮ ਖੀਵੇ ਹੁੰਦੇ, ਘੁੱਟ-ਘੁੱਟ ਸੀਨੇ ਲਾਉਂਦੇ ਨੇ।
ਦਿਨ ਲੋਹੜੀ ਦਾ ਆਇਆ, ਲੋਕੀ ਨੱਚਦੇ ਗਾਉਂਦੇ ਨੇ।

# 'ਲੋਹੜੀ'



**ਕਰਮ ਸਿੰਘ ਕਰਮ**

ਆਇਆ ਲੋਹੜੀ ਦਾ ਤਿਓਹਾਰ,ਆਜੋ ਹੋਕੇ ਅੱਜ ਤਿਆਰ,
ਨੱਚੋ ਗਾਓ ਨਾਲ ਪਿਆਰ-ਖਾਓ ਗੁੜ ਰਿਓੜੀਆਂ,
ਵਾਂਗੂੰ ਪੁੱਤਾਂ ਦੇ ਮਨਾਓ-ਧੀਆਂ ਦੀਆਂ ਲੋਹੜੀਆਂ।
ਧੰਨ ਮਾਵਾਂ ਜਿਨ੍ਹਾਂ ਜਾਈਆਂ,ਉਨ੍ਹਾਂ ਲਈ ਨਾ ਪ੍ਰਾਈਆਂ,
ਕੁੱਲਾਂ ਜਿਨ੍ਹਾਂ ਨੇ ਵਧਾਈਆਂ ਨਾਲੇ ਕੁੱਲਾਂ ਜੋੜੀਆਂ-
ਵਾਂਗੂੰ ਪੁੱਤਾਂ ਦੇ ਮਨਾਓ ਧੀਆਂ ਦੀਆਂ ਲੋਹੜੀਆਂ।
ਇਹ ਵੀ ਰੱਬੀ ਵਰਦਾਨ, ਵੀਰਾਂ ਪਿਆਰਿਆਂ ਦੀ ਸ਼ਾਨ,
ਰੱਜ ਕਰੋ ਸਨਮਾਨ ਨਾਲੇ ਗਾਓ ਘੋੜੀਆਂ-
ਵਾਂਗੂੰ ਪੁੱਤਾਂ ਦੇ ਮਨਾਓ ਧੀਆਂ ਦੀਆਂ ਲੋਹੜੀਆਂ।
ਇਹ ਨਾ ਪੁੱਤਾਂ ਨਾਲੋਂ ਘੱਟ,ਆਉਣ ਪੇਕਿਆਂ ਨੂੰ ਝੱਟ,
ਲੱਗੇ ਮਾਪਿਆਂ ਦੇ ਸੱਟ ਤਾਂ ਇਹ ਆਉਣ ਦੌੜੀਆਂ-
ਵਾਂਗੂੰ ਪੁੱਤਾਂ ਦੇ ਮਨਾਓ ਧੀਆਂ ਦੀਆਂ ਲੋਹੜੀਆਂ।
ਹਰ ਰਿਸ਼ਤੇ'ਚ ਧੀਆਂ,ਪਾਉਣ ਪਿਆਰ ਦੀਆਂ ਲੀਹਾਂ,
ਬੰਨ੍ਹ ਦੇਣ ਇਹ ਨੀਹਾਂ ਰਲ ਦੇਵੋ ਲੋਰੀਆਂ-
ਵਾਂਗੂੰ ਪੁੱਤਾਂ ਦੇ ਮਨਾਓ ਧੀਆਂ ਦੀਆਂ ਲੋਹੜੀਆਂ।
ਲੋਹੜੀ 'ਕਰਮ' ਮਨਾਵੇ, ਰਲ 'ਗਿੱਲ' ਨਾਲ ਗਾਵੇ,
ਦਾਤਾਂ ਦਾਤੇ ਕੋਲੋਂ ਪਾਵੇ ਜਿੱਥੇ ਇਹ ਨਹੀਂ ਥੋੜ੍ਹੀਆਂ-
ਵਾਂਗੂੰ ਪੁੱਤਾਂ ਦੇ ਮਨਾਵੋ ਧੀਆਂ ਦੀਆਂ ਲੋਹੜੀਆਂ-
ਵਾਂਗੂੰ ਪੁੱਤਾਂ............

# ਵੱਡੀ ਜਮਹੂਰੀਅਤ



**ਡਾ . ਰਾਏ ਮਹਿੰਦਰ ਸਿੰਘ**

ਹੈ ਵੱਡੇ ਰਾਜ ਜਮਹੂਰੀ ਦੀਆਂ ਭਾਰਤ ਟਾਹਰਾਂ ਮਾਰੇ।
ਦੋਵੇਂ ਸੰਸਦ ਦੇ ਸਦਨਾਂ ਵਿੱਚ ਹਨ 776 ਮੈਂਬਰ ਸਾਰੇ।
ਉਹਨਾਂ ਵਿੱਚੋਂ ਕਤਲ, ਅਗਵਾ ਅਤੇ ਜਿਨਸੀ ਸੋਸਣਾਂ ਦੇ,
ਇੱਕ ਸੌ ਨੱਬ੍ਹਿਆਂ ਉੱਤੇ ਦਰਜ ਹਨ ਕਈ ਮੁਕੱਦਮੇ ਭਾਰੇ।
ਹੋਰ ਤਿੰਨ ਸੌ ਉੱਤੇ ਦਰਜ ਹਨ ਅਪਰਾਧਿਕ ਮਾਮਲੇ,
ਕੀਤੇ ਹਨ ਜਿਨ੍ਹਾਂ ਨੇ ਕਈ ਪੁੱਠੇ ਅਤੇ ਮਾੜੇ ਕਾਰੇ।
ਇੱਕ ਸੌ ਤੀਹ ਮੈਂਬਰ ਹਨ ਲੋਕ ਸਭਾ 'ਚ ਅਰਬ ਪਤੀ,
ਬਹੁਤੇ ਨਹੀਂ ਸਨ ਅਮੀਰ ਹੀ ਪਹਿਲਾਂ, ਨਾ ਹੀ ਦਿਆਨਤਦਾਰੇ।
ਅਪਰਾਧੀ ਹੋਣਾ, ਝੂਠ ਬੋਲਣਾ ਅਤੇ ਵੇਚੀ ਹੋਈ ਜਮੀਰ ਹੋਵੇ,
ਪੜ੍ਹਾਈ ਲਿਖਾਈ ਦੀਆਂ ਯੋਗਤਾਵਾਂ ਨੂੰ ਧਰ ਦਿਓ ਕਿਨਾਰੇ।
ਬਣਾ ਕੇ ਰੱਖੋ ਗੈਂਗਸਟਰਾਂ, ਚੋਰਾਂ ਅਤੇ ਲੁਟੇਰਿਆਂ ਨਾਲ,
ਕੀ ਪਤਾ ਕੋਈ ਇਹਨਾਂ ਵਿੱਚੋਂ ਮੰਤਰੀ ਪਦ ਤੇ ਆਣ ਪਧਾਰੇ।
ਲੱਖ ਕਰੋੜਾਂ ਧੰਨ ਜਿਨ੍ਹਾਂ ਦਾ, ਹੈ ਵਿੱਚ ਸਵਿੱਸ ਬੈਂਕਾਂ ਦੇ,
ਧੰਨ ਨੂੰ ਵਾਪਸ ਲਿਆਉਣ ਦੇ, ਉਹ ਤਾਂ ਲਾਉਣਗੇ ਲਾਰੇ।
ਸਾਰੇ ਦੇਸ ਦਾ ਅੱਧਾ ਸਰਮਾਇਆ, ਹੈ ਚੰਦ ਕੁ ਲੋਕਾਂ ਦੇ ਹੱਥਾਂ 'ਚ,
ਬਾਕੀ ਅੱਧ ਦੇ ਤਿੰਨ ਫੀਸਦੀ ਤੇ, ਅੱਧੀ ਜਨਤਾ ਕਰੇ ਗੁਜਾਰੇ ।
ਜੀ. ਡੀ. ਪੀ ਦੀ ਦਰ ਹੈ ਭਾਵੇਂ 7%, ਪਰ ਲੋਕਾਂ ਦੀਆਂ ਹਨ ਜੇਬਾਂ ਖਾਲੀ,
ਜਾਇਦਾਦਾਂ ਵਿੱਚ 70% ਵਾਧਾ, ਇਨ੍ਹਾਂ ਸਿਆਸੀ ਲੋਕਾਂ ਦੇ ਵਾਰੇ ਨਿਆਰੇ।
ਸਾਬਕਾ ਮੰਤਰੀ ਦੇ ਘਰ ਤੋਂ ਲੱਭਣ, ਤਿੰਨ ਸੌ ਕਰੋੜ ਰੁਪਏ,
ਮੌਜੂਦਾ ਮੰਤਰੀਆਂ ਨੇ ਵੀ ਦੱਸੋ, ਹਨ ਕਿੰਨੇ ਕੁ ਕਰੋੜ ਡਕਾਰੇ।
ਸਿਆਸੀ ਧੰਦਾ ਜੇ ਹੈ ਨੌਕਰੀ, ਫਿਰ ਯੋਗਤਾ ਕਿਉਂ ਨਾ ਰੱਖੀ ?
ਸਿੱਖਿਆ ਮੰਤਰੀ ਬਣ ਸਕਦਾ ਹੈ ਜੋ ਪਾਸ ਹੋਣ ਲਈ ਨਕਲਾਂ ਮਾਰੇ।
ਸਿਆਸੀ ਧੰਦਾ ਜੇਕਰ ਕਹਿੰਦੇ, ਹੈ ਕਰਨੀ ਦੇਸ ਦੀ ਸੇਵਾ,
ਫਿਰ ਤਨਖਾਹਾਂ, ਗੰਨਮੈਨ ਅਤੇ ਭੱਤੇ ਕਿਉਂ ਨਾ ਕੋਈ ਵਿਸਾਰੇ।
ਨਾ ਕਰਨਾ ਰੁਜਗਾਰ ਮੁਹੱਈਆ ਨਾ ਤਕਨੀਕੀ ਸਿੱਖਿਆ ਦੇਣੀ,
ਆਟਾ ਦਾਲ ਅਤੇ ਮੁਫਤ ਸਕੀਮਾਂ, ਬਨਾਉਣਾ ਲੋਕਾਂ ਨੂੰ ਘਸਿਆਰੇ।
ਕਰਜੇ ਹੇਠ ਦੱਬੀ ਕਿਰਸਾਨੀ, ਹੈ ਨਕਲੀ ਖਾਦ ਅਤੇ ਦਵਾਈਆਂ,
ਹੈ ਦਵਾ ਦਾਰੂ ਅਤੇ ਡਿਗਰੀਆਂ ਜਾਲ੍ਹੀ, ਅਖੌਤੀ ਵਿੱਦਿਅਕ ਅਦਾਰੇ।
'ਰਾਏ' ਘਿਰੇ ਰਹਿਣ ਗੰਨਮੈਨਾਂ ਦੇ ਨਾਲ, ਇਹ ਸਿਆਸੀ ਲੋਕ,
ਕੋਹਾਂ ਦੂਰ ਆਮ ਲੋਕਾਂ ਤੋਂ ਇਹਨਾਂ, ਕੰਧਾਂ ਕੋਟ ਉਸਾਰੇ।

# ਨਵਾਂ ਜਨਮ


ਸ. ਬਲਬੀਰ ਸਿੰਘ ਸੇਖੋਂ ਪਮਾਲ

ਮੇਰੀ ਇਹ ਕਹਾਣੀ ਮਨ ਜਿੱਤ ਵੀਕਲੀ ਦੇ ਮੁੱਖ ਸੇਵਾਦਾਰ ਸ੍ਰ. ਕਰਮ ਸਿੰਘ 'ਕਰਮ' ਵੱਲੋਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ, ਪੰਜਾਬੀ ਪ੍ਰੰਪਰਾਵਾਂ, ਸਿੱਖ ਇਤਿਹਾਸ, ਸਿੱਖ ਧਰਮ ਅਤੇ ਸਮੁੱਚੀ ਇਨਸਾਨੀਅਤ ਦੇ ਭਲੇ ਵਾਸਤੇ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਹੈ।

**'ਹਜ਼ਾਰੋਂ ਸਾਲ ਨਰਗਸ ਆਪਣੀ ਬੇਨੂਰੀ ਪੇ ਰੋਤੀ ਹੈ।**
**ਬੜੀ ਮੁਸ਼ਕਲ ਸੇ ਹੋਤਾ ਹੈ ਕੋਈ ਚਮਨ ਮੇਂ ਦੀਦਾਵਰ ਪੈਦਾ।'**
**- ਡਾਕਟਰ ਮੁਹੰਮਦ ਇਕਬਾਲ।**

ਮੈਨੂੰ ਜਾਪ ਰਿਹਾ ਏ ਕਿ ਡਾਕਟਰ ਇਕਬਾਲ ਨੇ ਆਪਣਾ ਇਹ ਯਾਦਗਾਰੀ ਸ਼ੇਅਰ ਸ੍ਰ. ਕਰਮ ਸਿੰਘ ਵਰਗੇ ਕਿਸੇ ਧਰਮੀਂ ਇਨਸਾਨ ਦੀ ਨਿਰਮਲਤਾ, ਕੋਮਲਤਾ, ਉਦਾਰਤਾ, ਖੁੱਲ੍ਹਦਿਲੀ, ਕੁਲੀਨਤਾ, ਮਿਹਨਤ ਅਤੇ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੋਵੇਗਾ।

**- ਬਲਬੀਰ ਸਿੰਘ ਸੇਖੋਂ ਪਮਾਲ**

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

"ਮੇਰੇ ਵਾਪਿਸ ਘਰ ਮੁੜਣ ਦਾ ਵਕਤ ਆ ਪਹੁੰਚਿਆ ਸੀ। ਸਾਰਾ ਪ੍ਰੀਵਾਰ ਮੈਨੂੰ ਦਿੱਲੀ ਏਅਰਪੋਰਟ ਤੇ ਛੱਡਣ ਆਇਆ। ਮੇਰੇ ਅੰਦਰ ਜਾਣ ਤੋਂ ਪਹਿਲਾਂ ਗੁਰਦੀਪ, ਉਸਦੀ ਬੀਵੀ ਅਤੇ ਬੱਚਿਆਂ ਨੇ ਰੋ-ਰੋ, ਆਪਣੇ ਹੰਝੂਆਂ ਨਾਲ ਮੇਰੇ ਕੋਟ ਦੇ ਮੋਢੇ ਗਿੱਲੇ ਕਰ ਦਿੱਤੇ। ਮੈਂ ਰੋਂਦਿਆਂ ਉਨ੍ਹਾਂ ਤੋਂ ਵਿਦਾਇਗੀ ਲਈ ਅਤੇ ਉਨ੍ਹਾਂ ਨਾਲ ਫਿਰ ਜਲਦੀ ਵਾਪਿਸ ਮੁੜਕੇ ਆਉਣ ਦਾ ਵਾਅਦਾ ਕਰਕੇ ਆਪਣੇ ਸਮਾਨ ਵਾਲੀ ਟਰਾਲੀ ਧੱਕਦਾ ਅੰਦਰ ਨੂੰ ਤੁਰ ਪਿਆ। ਮੈਂ ਅੰਦਰ ਨੂੰ ਪੋਲੇ ਪੈਰੀਂ ਤੁਰਿਆ ਜਾ ਰਿਹਾ ਸੀ। ਮੇਰਾ ਦਿਲ, ਮੇਰਾ ਦਿਮਾਗ, ਮੇਰੀ ਜਾਨ ਜਾਂ ਸਮਝ ਲਵੋ ਮੇਰਾ ਸਭ ਕੁੱਝ, ਪਿੱਛੇ ਦੇਸ਼ ਵਿੱਚ ਹੀ ਰਹਿ ਗਿਆ ਸੀ। ਵਲੈਤ ਨੂੰ ਜਹਾਜ਼ ਚੜ੍ਹਨ ਜਾ ਰਿਹਾ ਸੀ ਮੇਰਾ ਬੇਜਾਨ ਸਰੀਰ।" ਕਰਤਾਰ ਸਿੰਘ ਬੋਲਦਾ-ਬੋਲਦਾ ਲੰਬਾ ਹਾਉਕਾ ਲੈ ਕੇ ਚੁੱਪ ਹੋ ਗਿਆ। ਅਮਰ ਸਿੰਘ ਉੱਠਕੇ ਚਾਹ ਦੇ ਦੋ ਕੱਪ ਹੋਰ ਲੈ ਆਇਆ। "ਅਮਰ ਸਿਆਂ, ਦੱਸ ਹੁਣ ਮੈਂ ਕੀ ਕਰਾਂ ? ਤੇਰੀ ਨੇਕ ਸਲਾਹ ਦੀ ਮੈਂ ਕਦਰ ਕਰਾਗਾਂ ਅਤੇ ਮੇਰਾ ਕੰਮ ਸੌਖਾ ਹੋ ਜਾਵੇਗਾ।" ਕਰਤਾਰ ਸਿੰਘ ਹਾਲੇ ਵੀ ਬਹੁਤ ਗੰਭੀਰ ਸੀ।

"ਦੇਖ ਕਰਤਾਰ ਸਿਆਂ, ਆਖੇ ਤਾਂ ਤੈਨੂੰ ਅਖੀਰ ਆਪਣੇ ਮਨ ਦੇ ਹੀ ਲੱਗਣਾ ਚਾਹੀਦਾ ਏ। ਮੈਂ ਤਾਂ ਸਿਰਫ ਰਾਏ ਹੀ ਦੇ ਸਕਦਾ ਹਾਂ।" ਅਮਰ ਸਿੰਘ ਸੁਲਝਿਆ, ਸੱਚਾ, ਖ਼ਰਾ ਤੇ ਨਿਧੜਕ ਇਨਸਾਨ ਸੀ। ਬੇਸ਼ੱਕ ਉਹ ਗਹਿਰੇ ਦੋਸਤ ਸਨ ਫਿਰ ਵੀ ਉਹ ਆਪਣੇ ਦੋਸਤ ਦੇ ਕੀਤੇ ਫੈਸਲੇ ਤੇ ਆਪਣੀ ਨਹੀਂ ਬਲਕਿ ਉਸਦੀ ਹੀ ਪੱਕੀ ਮੋਹਰ ਲਗਵਾਉਣੀ ਚਾਹੁੰਦਾ ਸੀ।

"ਦੋਸਤਾ, ਤੇਰੀ ਹਰ ਗੱਲ ਦੀ ਮੈਂ ਕਦਰ ਕਰਦਾ ਹਾਂ ਦਿਲੋਂ। ਇੱਕ ਹੋਰ ਸੁਣ ਲੈ ਆਪਣੀ ਰਾਏ ਦੇਣ ਤੋਂ ਪਹਿਲਾਂ। ਅੱਜ ਜਦ ਮੈਂ ਗੁੱਸੇ ਹੋ ਕੇ ਘਰੋਂ ਬਾਹਰ ਨਿੱਕਲ ਰਿਹਾ ਸੀ, ਮੇਰੀ ਬੀਵੀ ਨੇ ਇੰਡੀਆ ਤੋਂ ਮੇਰੇ ਭਰਾਵਾਂ ਦੇ ਭੇਜੇ ਤੋਹਫ਼ੇ ਬਾਹਰ ਸੁੱਟ ਦਿੱਤੇ।" ਉਹ ਗਰਜ਼ਕੇ ਬੋਲੀ, ਉਤੇਰੀਆਂ ਜੁੱਤੀਆਂ ਤੇਰੇ ਹੀ ਸਿਰ, ਤੂੰ ਤਾਂ ਮਹਾਂ ਬੇਵਕੂਫ ਹੈਂ। ਦੁਨੀਆਂ ਦਾ ਸਭ ਤੋਂ ਵੱਡਾ ਮੂਰਖ। ਲੈ ਜਾਂ ਚੁੱਕ ਕੇ ਨਾਲ ਹੀ ਇਹ ਤੇਰਾ ਖੱਫਨ ਬਣ ਜੂ। ਇਨ੍ਹਾਂ ਨੂੰ ਕਿਤੇ ਵੇਚ ਦੇਈਂ।" ਕਰਤਾਰ ਸਿੰਘ ਨੇ ਸਾਰੇ ਤੋਹਫ਼ੇ ਬੈਗ ਵਿੱਚੋ ਕੱਢਕੇ ਅਮਰ ਸਿੰਘ ਅੱਗੇ ਰੱਖ ਦਿੱਤੇ।

"ਯਾਰ, ਬੜੀ ਹੀ ਡਾਢੀ ਔਰਤ ਹੈ ਉਹ। ਸਿਵਾਏ ਆਪਣੇ ਅਤੇ ਆਪਣੇ ਬੱਚਿਆਂ ਤੋਂ ਹੋਰ ਕਿਸੇ ਦਾ ਨਹੀਂ ਸੋਚਦੀ। ਵੈਸੇ ਦਿਮਾਗ ਵਾਲੀ ਐ। ਦੇਖ ਲੈ ਬੱਚਿਆਂ ਨੂੰ ਕਿਸ ਤਰ੍ਹਾਂ ਆਪਣੇ ਪਿੱਛੇ ਲਾਈ ਫਿਰਦੀ ਐ।" ਕਰਤਾਰ ਸਿੰਘ ਹੁਣ ਆਪਣੇ ਪੈਰਾਂ ਤੇ ਹੁੰਦਾ ਜਾ ਰਿਹਾ ਸੀ। ਉਸਦੀ ਪਹਿਲਾਂ ਵਾਲੀ ਤਾਕਤ ਵਾਪਸ ਆ ਰਹੀ ਸੀ।

"ਲੈ ਬਈ ਸੁਣ ਲੈ ਹੁਣ ਮੇਰੀ ਰਾਏ ਹਾਣੀਆਂ।" ਅਮਰ ਸਿੰਘ ਗਲ਼ਾ ਸਾਫ ਕਰਕੇ ਬੋਲਣ ਨੂੰ ਤਿਆਰ ਹੋ ਰਿਹਾ ਸੀ। ਉਕਰਤਾਰ ਸਿਆਂ, ਤੂੰ ਬਹੁਤ ਹੀ ਨੇਕ ਤੇ ਬੇਪਰਵਾਹ ਹੈਂ। ਤੂੰ ਬਹੁਤ ਹੀ ਲੇਟ ਹੋ ਗਿਆ ਹੈਂ। ਆਪਣੀ ਬਣਾਈ ਚੀਜ਼ ਦੀ ਤੈਨੂੰ ਮੌਕੇ ਸਿਰ ਸੰਭਾਲ ਕਰਨੀ ਚਾਹੀਦੀ ਸੀ। ਸਾਰੇ ਹਿਸਾਬ ਨਾਲ ਦੀ ਨਾਲ ਹੋਣੇ ਚਾਹੀਦੇ ਸਨ। ਮੈਨੂੰ ਤਾਂ ਯਾਰ ਲੱਸੀ ਰਿੜਕ ਕੇ ਵਿੱਚੋਂ ਮੱਖਣ ਕੱਢਣ ਵਾਲੀ ਗੱਲ ਲੱਗ ਰਹੀ ਹੈ ਇਹ ਸਾਰੀ। ਜਦ ਦੁੱਧ ਰਿੜਕਣ ਦਾ ਵੇਲਾ ਸੀ ਉਸ ਵਕਤ ਤੂੰ ਸੁੱਤਾ ਪਿਆ ਰਿਹਾ।"

"ਤੇਰੀ ਗੱਲ ਮੈਂ ਸਮਝ ਲਈ ਹੈ। ਤੇਰੀ ਸੋਚ, ਮੇਰੀ ਸੋਚ ਨਾਲ ਹੀ ਮੇਲ ਖਾਂਦੀ ਹੈ। ਇਸੇ ਤਰ੍ਹਾਂ ਹੀ ਹੋਵੇਗਾ।"

"ਮਤਲਬ।"

"ਇੰਡੀਆ ਵਾਲਾ ਮੈਂ ਕੁੱਝ ਵੀ ਭਰਾਵਾਂ ਤੋਂ ਨਹੀਂ ਮੰਗਣ ਲੱਗਿਆ। ਜਿਸ ਤਰ੍ਹਾਂ ਹੋਇਆ ਹੈ ਮੈਂ ਉਸੇ ਵਿੱਚ ਖੁਸ਼ ਹਾਂ। ਮੈਂ ਤਾਂ ਇਹ ਵੀ ਲਿਖਕੇ ਉਨ੍ਹਾਂ ਨੂੰ ਦੇ ਦੇਣਾ ਹੈ ਕਿ ਇੰਡੀਆ ਦੀ ਸਾਰੀ ਵੰਡ-ਵੰਡਾਈ ਮੇਰੀ ਮਰਜ਼ੀ ਨਾਲ ਹੋਈ ਐ।" ਮੈਨੂੰ ਉਹ ਸਾਰਾ ਕੁੱਝ ਪ੍ਰਵਾਨ ਹੈ। ਮੇਰੇ ਪਿੱਛੇ ਮੇਰੇ ਪ੍ਰੀਵਾਰ ਨੂੰ ਉਸ ਜਾਇਦਾਦ ਤੇ ਆਪਣਾ ਹੱਕ ਜਤਾਉਣ ਖਾਤਰ ਕਿਸੇ ਵੀ ਕਚਿਹਰੀ ਵਿੱਚ ਜਾਣ ਦਾ ਵੀ ਕੋਈ ਅਧਿਕਾਰ ਨਹੀਂ ਹੈ।"

"ਇਹ ਤਾਂ ਤੇਰੀ ਬੜੀ ਹੀ ਬਹਾਦਰੀ ਹੈ ਕਰਤਾਰ ਸਿਆਂ। ਤੇਰੇ ਵਰਗਾ ਸਿਰਫ ਤੂੰ ਹੀ ਹੋ ਸਕਦੈਂ।"

"ਮੈਂ ਤਾਂ ਹਾਲੇ ਤੈਨੂੰ ਅੱਧੀ ਗੱਲ ਸੁਣਾਈ ਹੈ।"

"ਹੋਰ ਕੀ ਬਾਕੀ ਰਹਿ ਗਿਆ ਐ ਹਾਲੇ।"

"ਅਮਰ ਸਿਆਂ, ਤੈਨੂੰ ਪਤਾ ਹੀ ਹੈ, ਇੱਥੇ ਸਾਡੇ ਪਾਸ ਪੰਜ ਸੌਣ ਕਮਰਿਆਂ ਵਾਲਾ ਵੱਡਾ ਘਰ ਹੈ। ਸਾਡੇ ਬੇਟੇ ਅਤੇ ਉਨ੍ਹਾਂ ਦੇ ਪ੍ਰੀਵਾਰ ਵੀ ਸਾਡੇ ਨਾਲ ਹੀ ਰਹਿੰਦੇ ਹਨ।

ਮੁੰਡਿਆਂ ਦੇ ਆਪਣੇ ਘਰ ਕਿਰਾਏ ਤੇ ਦਿੱਤੇ ਹੋਏ ਹਨ। ਮੈਂ ਆਪਣਾ ਇਹ ਘਰ ਆਪ ਹੀ ਉਨ੍ਹਾਂ ਨੂੰ ਛੱਡ ਦੇਣਾ ਹੈ ਜੇ ਉਹ ਬਹੁਤੀ ਤੂੰ-ਤੂੰ ਮੈਂ-ਮੈਂ ਕਰਨਗੇ। ਇੰਡੀਆ ਵਾਲਾ ਸਾਰਾ ਕੁੱਝ ਉਨ੍ਹਾਂ ਦਾ, ਇੱਥੇ ਵਾਲਾ ਸਾਰਾ ਕੁੱਝ ਇਨ੍ਹਾਂ ਦਾ।" ਕਰਤਾਰ ਸਿੰਘ ਨੇ ਬਹੁਤ ਜਲਦੀ ਹੀ ਤਕੜਾ ਮਨ ਕਰਕੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ। ਉਸਦੀ ਅਵਾਜ਼ ਵਿੱਚ ਦ੍ਰਿੜਤਾ ਅਤੇ ਪੱਕਾਪਨ ਆ ਗਿਆ ਸੀ। ਉਸਦੇ ਚਿਹਰੇ ਤੇ ਸੁੱਖ ਅਤੇ ਸਕੂਨ ਦੀ ਝਲਕ ਫਿਰ ਨਜ਼ਰ ਆ ਰਹੀ ਸੀ।

"ਤੈਂ ਆਪਣੇ ਵਾਸਤੇ ਕੀ ਰੱਖਿਆ ਹੈ ਕਰਤਾਰ ਸਿਆਂ।" ਅਮਰ ਸਿੰਘ ਫਿਕਰਮੰਦ ਹੁੰਦਾ ਹੋਇਆ ਬੋਲਿਆ।

"ਮੇਰੀ ਬਾਰਾਂ ਸੌ ਪੌਂਡ ਮਹੀਨੇ ਦੀ ਪੈਨਸ਼ਨ ਏ। ਇਸਦੇ ਇੱਕ ਲੱਖ ਰੁਪਏ ਮਹੀਨੇ ਦੇ ਬਣ ਜਾਂਦੇ ਹਨ। ਇਸ ਨਾਲ ਇੰਡੀਆ ਵਿੱਚ ਮੈਂ ਬਾਦਸ਼ਾਹਾਂ ਵਾਂਗ ਰਹਿ ਸਕਦਾ ਹਾਂ। ਵੈਸੇ ਵੀ ਇੱਥੇ ਮੇਰੇ ਪਾਸ ਹਾਲੇ ਕਾਫੀ ਕੈਸ਼ ਹੈ। ਅਗਲੇ ਮਹੀਨੇ ਮੈਨੂੰ ਇਨਸ਼ੋਰੈਂਸ ਦੇ ਵੀ ਵੀਹ ਹਜ਼ਾਰ ਪੌਂਡ ਮਿਲ ਜਾਣੇ ਹਨ। ਮੈਂ ਛੋਟਾ-ਮੋਟਾ ਫਲੈਟ ਲੈ ਕੇ ਇੱਥੇ ਵੀ ਆਪਣਾ ਗੁਜ਼ਾਰਾ ਕਰ ਸਕਦਾ ਹਾਂ।"

"ਵੈਸੇ ਤੂੰ ਮੇਰੇ ਨਾਲ ਵੀ ਰਹਿ ਸਕਦੈਂ। ਇੱਕ ਦਿਨ ਰਹਿ, ਚਾਹੇ ਸਾਰੀ ਉਮਰ ਰਹਿ। ਤੈਨੂੰ ਭੋਰਾ ਵੀ ਫਿਕਰ ਕਰਨ ਦੀ ਲੋੜ ਨਹੀਂ ਹੈ। ਮੈਂ ਜੋ ਹਾਂ ਤੇਰੇ ਹਰ ਦੁੱਖ ਸੁੱਖ ਦੀ ਦਾਰੂ। ਵੈਸੇ ਮਿੱਤਰਾ ਇਹ ਦੱਸ ਤੈਨੂੰ ਇੰਨ੍ਹੀਂ ਤਾਕਤ, ਇੰਨੀ ਜਲਦੀ ਫਿਰ ਕਿੱਥੋਂ ਮਿਲ ਗਈ ਏ। ਇੱਕ ਦਮ ਹੀ ਯਾਰ ਤੂੰ ਫਿਰ ਆਪਣੇ ਪੈਰਾਂ'ਤੇ ਹੋ ਗਿਆ ਐਂ।"

"ਅਮਰ ਸਿੰਘ, ਕੁੱਝ ਤਾਕਤ ਮੈਨੂੰ ਤੈਥੋਂ ਮਿਲੀ ਹੈ। ਤੂੰ ਮੇਰੀ ਗੱਲ ਸੁਣ ਲਈ ਏ। ਮੈਨੂੰ ਪਤਾ ਲੱਗ ਗਿਆ ਐ ਕਿ ਇਸ ਪਰਾਈ ਧਰਤੀ'ਤੇ ਮੇਰੇ ਵਾਸਤੇ ਕੋਈ ਕਤਲ ਹੋ ਜਾਣ ਵਾਲਾ ਦੋਸਤ ਹੈਗਾ। ਹੁਣ ਨੀਂ ਮੈਂ ਡੋਲਦਾ ਬਿਲਕੁੱਲ ਹੀ। ਬਾਕੀ ਗੁਰੂ ਦੀ ਰਜ਼ਾ ਵਿੱਚ ਰਹਿਣਾ ਸਿੱਖਿਆ ਹੈ ਮੈਂ ਆਪਣੇ ਗੁਰੂਆਂ ਤੋਂ। ਤੈਨੂੰ ਪਤਾ ਜਦ 31 ਦਸੰਬਰ, 1704 ਨੂੰ ਗੁਰੂ ਗੋਬਿੰਦ ਸਿੰਘ ਜੀ ਪਿੰਡ ਮੋਹੀ, ਜ਼ਿਲ੍ਹਾ ਲੁਧਿਆਣੇ ਵਿੱਚ ਇੱਕ ਰਾਤ ਠਹਿਰੇ ਸਨ। ਉਨ੍ਹਾਂ ਨੇ ਕੀ ਆਖਿਆ ਸੀ, ਜਦ ਕਿਸੇ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਨ ਦੀ ਸਥਿਤੀ ਜਾਣਨ ਬਾਰੇ ਸੁਆਲ ਕੀਤਾ ਸੀ। ਉਸ ਵਕਤ ਉਹ ਆਪਣੇ ਚਾਰੇ ਬੇਟੇ ਅਤੇ ਆਪਣੀ ਮਾਂ ਅਤੇ ਬਾਪ ਨੂੰ ਸਮੂਹ ਇਨਸਾਨੀਅਤ ਦੇ ਲੇਖੇ ਲਾ ਕੇ ਰਾਏਕੋਟ ਜਾ ਰਹੇ ਸਨ।"

"ਤੂੰ ਹੀ ਦੱਸ ਦੇ ਮਿੱਤਰਾ ਗੁਰੂ ਜੀ ਨੇ ਕੀ ਸੁਨੇਹਾ ਦਿੱਤਾ ਸੀ ਕੁੱਲ ਜਗਤ ਨੂੰ ਉਸ ਵਕਤ।"

"ਕਿਹਾ ਗੋਬਿੰਦ ਸਿੰਘ ਨੇ ਖੜ੍ਹਗ ਉਠਾਕੇ,

ਮਰਦਾਂ ਦੀ ਗੀਤ ਹੈ ਮਾਲ ਧੰਨ ਬੰਸ ਲੁਟਾ ਕੇ ,

ਬੈਠ ਨਹੀਂ ਜਾਂਦੇ ਢੇਰੀ ਢਾਹ ਕੇ।" ('ਬਾਬਾ ਬੋਹੜ' ਵਿਚੋਂ ਲਿਖਤ ਸੰਤ ਸਿੰਘ ਸੇਖੋਂ)

"ਕਰਤਾਰ ਸਿੰਆਂ, ਤੇਰੀ ਮਾਂ ਨੇ ਤੇਰੇ ਨਾਮ ਦੀ ਚੋਣ ਸੱਚ-ਮੁੱਚ ਹੀ ਸਹੀ ਕੀਤੀ ਹੈ। ਯਾਰ ਤੂੰ ਤਾਂ ਗੁਰੂ ਨਾਨਕ ਦਾ ਭਗਤ ਬਣਦਾ ਜਾ ਰਿਹਾ ਹੈਂ।"

"ਮੇਰੇ ਦੋਸਤ ਵਕਤ ਸਿਰ ਮੈਂ ਸੰਭਲ ਗਿਆ ਹਾਂ। ਮੈਨੂੰ ਆਪਣੇ ਗੁਰੂਆਂ ਦੇ ਭਾਣੇ ਵਿੱਚ ਰਹਿਣ ਦੀ ਵਕਤ ਸਿਰ ਮੱਤ, ਤਾਕਤ ਅਤੇ ਹਿੰਮਤ ਮਿਲ ਗਈ ਏ। ਇਹ ਗੁਰੂਆਂ ਦੀ ਮੇਰੇ ਤੇ ਇਨਾਇਤ ਹੋਈ ਹੈ। ਮੈਂ ਕਿਸਮਤ ਵਾਲਾ ਹੋ ਨਿਬੜਿਆਂ ਹਾਂ। ਮੈਂ ਤਾਂ ਢੇਰੀ ਢਾਹਕੇ ਗਲਤ ਰਾਹ'ਤੇ ਤੁਰ ਪਿਆ ਸੀ। ਗੁਰੂ ਨੇ ਆਪੇ ਹੀ ਮੈਨੂੰ ਸਹੀ ਸੋਚ ਦੇ ਦਿੱਤੀ ਹੈ। ਹੁਣ ਮੇਰਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਨਾ ਹੀ ਕਿਸੇ ਤੇ ਕੋਈ ਗਿੱਲਾ ਗੁੱਸਾ। ਸਾਰੇ ਆਪਣੇ ਨਜ਼ਰ ਆਉਣ ਲੱਗ ਗਏ ਹਨ। ਮੇਰਾ ਕੁੱਝ ਵੀ ਨਹੀਂ ਹੈ। ਸਾਰਾ ਕੁੱਝ ਉਸੇ ਦਾ ਹੀ ਦਿੱਤਾ ਹੋਇਆ ਹੈ। ਫਿਰ ਆਪਾਂ ਮੈਂ-ਮੈਂ ਕਿਉ ਕਰ ਰਹੇ ਹਾਂ। ਉੱਠ ਮਿੱਤਰਾ ਤੇ ਬੋਲ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।"

ਦੋਨੋਂ ਬਾਹਰ ਕਰੈਨ ਬਰੁੱਕ ਰੋਡ, ਇਲਫਰਡ ਤੇ ਚਲੇ ਗਏ। ਮੌਸਮ ਹਾਲੇ ਵੀ ਗੁੱਸੇ ਵਿਚ ਸੀ।

"ਹੁਣ ਫਿਰ ਆਪਾਂ ਕੀ ਕਰੀਏ ?" ਕਰਤਾਰ ਸਿੰਘ ਉੱਪਰ ਅਸਮਾਨ ਵੱਲ ਝਾਕਦਾ ਬੋਲਿਆ।

"ਆਪਾਂ ਰੁੜਕੇ ਵਾਲੇ ਹਰਮੇਘ ਸਿੰਘ ਰਤਨ ਦੇ ਚਲਾਏ ਗਰੁੱਪ, ਪੰਜਾਬੀ ਸੈਂਟਰ ਚੱਲਦੇ ਹਾਂ।"

"ਤੂੰ ਜਾਣਦਾ ਹੈਂ ਅਮਰ ਸਿਆਂ ਉਸਨੂੰ।"

"ਅੱਛੀ ਤਰ੍ਹਾਂ। ਉਹ ਆਪਣੇ ਪਿੰਡਾਂ ਦੇ ਹਨ। ਉਸਦੇ ਵੱਡੇ ਵੀਰ ਪ੍ਰੋਫੈਸਰ ਅਵਤਾਰ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਹੀ ਲੇਟਨ ਦਾ ਗੁਰੂ ਘਰ ਹੋਂਦ ਵਿੱਚ ਆਇਆ ਏ।" ਆਪਣੇ ਅੱਗੇ ਕਰਤਾਰ ਸਿੰਘ ਨੂੰ ਤੁਰੇ ਜਾਂਦੇ ਵੇਖਕੇ ਅਮਰ ਸਿੰਘ ਮਹਿਸੂਸ ਕਰ ਰਿਹਾ ਸੀ ਜਿਵੇਂ ਕਿ ਉਸਦੇ ਦੋਸਤ ਦਾ ਨਵਾਂ ਜਨਮ ਹੋ ਗਿਆ ਹੋਵੇ।

**(ਸਮਾਪਤ)**

# ਚਾਨਣਾ ਮੁਨਾਰਾ (Light House)



## (ਸ਼੍ਰੀਮੱਦ ਭਗਵਤ ਗੀਤਾ)

ਸ਼੍ਰੀਮੱਦ ਭਗਵਤ ਗੀਤਾ ਸੰਸਾਰ ਦੀਆਂ ਰੂਹਾਨੀ ਪੁਸਤਕਾਂ ਵਿਚ ਆਪਣਾ ਇਕ ਖਾਸ ਮਕਾਮ ਰੱਖਦੀ ਹੈ। ਇਸਦਾ ਵਿਸ਼ਾ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦਾ ਉਹ ਉਪਦੇਸ਼ ਹੈ, ਜਿਹੜਾ ਉਨ੍ਹਾਂ ਨੇ ਅਰਜਨ ਨੂੰ ਕੁਰੂਕਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੇ ਯੁੱਧ ਸਮੇਂ ਦਿੱਤਾ ਸੀ। ਜਿਸ ਵਿਚ ਉਨ੍ਹਾਂ ਨੇ ਦੱਸਿਆ ਸੀ ਕਿ ਇਨਸਾਨ ਕੀ ਹੈ ? ਰੂਹ ਕੀ ਹੈ ? ਪਰਮਤਮਾ ਕੀ ਹੈ ? ਭਗਤੀ ਅਤੇ ਪਰਮਾਤਮਾ ਨਾਲ ਮਿਲਾਪ ਕਿਸ ਤਰ੍ਹਾਂ ਹੋ ਸਕਦਾ ਹੈ ? ਇਨਸਾਨ ਦੇ ਫਰਜ਼ ਕੀ ਹਨ। ਨਿਸ਼ਕਾਮ ਕਰਮ ਦਾ ਕੀ ਮਕਾਮ ਹੈ ? ਇਹ (ਇਰਫਾਨੀ) ਰੱਬੀ ਵਿਸ਼ਾ ਸੰਸਕ੍ਰਿਤ ਦੇ 700 ਸ਼ਲੋਕਾਂ ਵਿੱਚ ਬਿਆਨ ਕੀਤਾ ਗਿਆ ਹੈ। ਹਰ ਸ਼ਲੋਕ ਰੱਬੀ ਗਿਆਨੀ ਦਾ ਇਕ ਰੰਗੀਨ ਫੁੱਲ ਹੈ। ਇਹਨਾਂ ਹੀ 700 ਫੁੱਲਾਂ ਦੀ ਮਾਲਾ ਦਾ ਨਾਮ ਗੀਤਾ ਹੈ। ਇਸ ਫੁੱਲ ਕੀ ਹਰ ਪੱਤੀ ਰੱਬੀ ਨੂਰ ਦਾ ਪੰਨਾ ਬਣ ਜਾਤੀ ਹੈ।

ਖ਼ੁਦਾ (ਪਰਮਾਤਮਾ) ਕਿਯਾ ਹੈ ?

ਗੀਤਾ ਜਵਾਬ ਦੇਤੀ ਹੈ ਕਿ "ਖ਼ੁਦਾ ਹੈ" ਬਲਕਿ "ਖ਼ੁਦਾ ਹੀ ਹੈ।" ਦੂਸਰੇ ਲਫਜ਼ਾਂ ਵਿਚ ਖ਼ੁਦਾ ਇਕ ਹੈ। ਪਰਕਿਰਤੀ ਕਹੋ, ਮਾਇਆ ਕਹੋ, ਗਰਜ਼ੇਕਿ ਜੋ ਕੁੱਝ ਨਜ਼ਰ ਆ ਰਿਹਾ ਹੈ, ਸਭ ਉਸ ਦਾ ਜਲਵਾ ਹੈ। ਵੁਹ ਆਂਖ ਸੇ ਨਹੀਂ ਦੇਖਤਾ, ਲੇਕਿਨ ਆਂਖ ਉਸ ਸੇ ਦੇਖਤੀ ਹੈ, ਵੁਹ ਕਾਨ ਸੇ ਨਹੀਂ ਸੁਨਤਾ, ਲੇਕਿਨ ਕਾਨ ਉਸ ਸੇ ਸੁਨਤੇ ਹੈਂ। ਵੁਹ ਜ਼ਬਾਨ ਸੇ ਨਹੀਂ ਬੋਲਤਾ, ਲੇਕਿਨ ਜ਼ਬਾਨ ਉਸ ਸੇ ਬੋਲਤੀ ਹੈ। ਵੁਹ ਸਾਂਸ ਸੇ ਦੱਮ ਨਹੀਂ ਲੇਤਾ ਲੇਕਿਨ ਸਾਂਸ ਉਸ ਸੇ ਦੱਮ ਲੇਤਾ ਹੈ। ਵੁਹ ਦਿਲ ਸੇ ਖਿਆਲ ਨਹੀਂ ਕਰਤਾ ਲੇਕਿਨ ਦਿਲ ਉਸ ਸੇ ਖਿਆਲ ਕਰਤਾ ਹੈ। ਵੁਹ ਆਂਖ ਕੀ ਆਂਖ ਹੈ, ਕਾਨ ਕਾ ਕਾਨ ਹੈ, ਜ਼ਬਾਨ ਕੀ ਜ਼ਬਾਨ ਹੈ, ਜਾਨ ਕੀ ਜਾਨ ਹੈ ਔਰਤ ਦਿਲ ਕਾ ਦਿਲ। ਉਯੇ ਮੱਟੀ, ਯੇ ਪਾਨੀ, ਯੇ ਆਗ ਔਰ ਹਵਾ, ਯੇ ਆਕਾਸ਼ ਦੁਨੀਆਂ ਪੇ ਛਾਇਆ ਹੂਆ ਯੇ ਦਾਨਸ਼ ਯੇ ਦਿਲ ਯੇ ਖਿਆਲੇ ਖ਼ੁਦੀ ਹੈ, ਇਨ ਆਠ ਹਿੱਸੋਂ ਮੇਂ ਫਿਤਰਤ ਮੇਰੀ।" ਇਹੀ ਜੀਵ ਆਤਮਾਂ ਦੀ ਸ਼ਕਲ ਵਿੱਚ ਪਰਵੇਸ਼ ਕਰ ਰਹੀ ਹੈ।

ਜੇ ਉਹ ਇਕ ਹੈ ਤਾਂ ਫਿਰ ਦੂਸਰੀਆਂ ਚੀਜ਼ਾਂ ਕਿਸ ਤਰ੍ਹਾਂ ਬਣੀਆਂ ? ਜਵਾਬ ਹੈ ਕਿ ਅਸਲ ਹਰ ਸ਼ੈ ਦੀ ਇਕ ਹੈ। ਸਿਰਫ ਨਾਮ ਅਤੇ ਰੂਪ ਯਾਨੀ ਨਜ਼ਰ ਆਉਣ ਵਾਲੀਆਂ ਚੀਜ਼ਾਂ ਦੀ ਸ਼ਕਲ ਦਾ ਫਰਕ ਹੈ। ਕੁਮਹਾਰ ਕੋਲ ਉਹੀ ਮਿੱਟੀ ਹੈ, ਉਹਦੇ ਵਿੱਚੋਂ ਕਦੇ ਉਹ ਪਿਆਲਾ ਬਣਾ ਦਿੰਦਾ ਹੈ। ਕਦੇ ਸੁਰਾਹੀ, ਕਦੇ ਮਟਕਾ, ਕਦੇ ਹੰਡੀਆਂ (ਹਾਂਡੀ) ਗੌਰ ਨਾਲ ਦੇਖਿਆ ਜਾਵੇ ਕਿ ਸਭ ਉਸੇ ਮਿੱਟੀ ਵਿਚੋਂ ਬਣੇ ਹਨ, ਪਰ ਨਾਮ ਅਤੇ ਰੂਪ ਦਾ ਫਰਕ ਹੈ। ਇਸੇ ਦਾ ਨਾਮ ਮਾਇਆ ਹੈ। ਇਸ ਨੂੰ ਨਜ਼ਰ ਦਾ ਧੋਖਾ ਕਹਿ ਦਿਓ, ਮੋਹ, ਜਹਾਲਤ, ਅਗਿਆਨ ਜੋ ਚਾਹੋ ਕਹਿ ਲਵੋ।

ਆਤਮ (ਰੂਹ) - ਆਤਮ ਯਾਨੀ ਰੂਹ ਇਹ ਉਹ ਅਸਲ ਚੀਜ਼ ਹੈ, ਜਿਸ ਦਾ ਨਾਮ ਇਨਸਾਨ ਹੈ। ਤਨ ਫਾਨੀ ਹੈ, ਹਰ ਘੜੀ ਬਦਲਦਾ ਹੈ। ਬਚਪਨ ਵਿਚ ਕੁਝ, ਜਵਾਨੀ ਵਿਚ ਕੁਝ, ਬੁਢਾਪੇ ਵਿੱਚ ਕੁਝ, (ਇਸੀ ਕੋ ਸਭ ਕੁਝ ਸਮਝਣਾ ਨਾਦਾਨੀ ਹੈ।) ਆਤਮਾ (ਰੂਹ) ਇਹ ਕਾਇਮ ਹੈ, ਬੱਚਪਨ ਵਿਚ ਵੀ ਉਹੋ, ਜਵਾਨੀ ਵਿਚ ਵੀ ਉਹੋ, ਬੁਢਾਪੇ ਵਿਚ ਵੀ ਉਹੋ। ਇਨਸਾਨ ਨਾ ਤਨ ਦਾ ਨਾਮ ਹੈ, ਨਾ ਮਨ ਦਾ, ਯੇ ਉਸੀ ਆਤਮਾ (ਰੂਹ) ਕਾ ਨਾਮ ਹੈ ਔਰ ਯੇ ਰੂਹ ਅਮਰ ਹੈ, ਲਾਜਵਾਬ ਹੈ। ਆਤਮਾ ਕੋ ਮੌਤ ਨਹੀਂ ਆਤੀ। ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋਣਾ, ਇਸੇ ਦਾ ਨਾਮ ਮੋਕਸ਼ ਹੈ, ਇਹਦਾ ਹੀ ਨਜਾਤ!

ਨਜਾਤ ਕੇ ਤੀਨ ਰਾਸਤੇ - ਕਰਮ ਮਾਰਗ (ਰਾਹੇ ਅਮਲ), ਭਗਤੀ ਮਾਰਗ (ਰਾਹੇ ਇਸ਼ਕੇ-ਮੁਹੱਬਤ), ਗਿਆਨ ਮਾਰਗ (ਨਜਾਤ ਦਾ ਰਾਹ), ਇਨਸਾਨਾਂ ਦੇ ਸੁਭਾਅ ਜੁਦਾ-ਜੁਦਾ ਹਨ। ਕਈਆਂ'ਚ ਕੰਮ ਕਰਨ ਦਾ ਬੜਾ ਜੋਸ਼ ਹੁੰਦਾ ਹੈ ਉਨ੍ਹਾਂ ਵਾਸਤੇ ਕਰਮ ਯੋਗ ਦਾ ਰਸਤਾ ਹੈ ਭਾਵ ਉਹ ਨਿਸ਼ਕਾਮ ਕੰਮ ਕਰਨ, ਜਿਹੜਾ ਵੀ ਕੰਮ ਕਰਨ ਉਹ ਰੱਬ ਦਾ ਕੰਮ ਸਮਝ ਕੇ ਬਗੈਰ ਕਿਸੇ ਲਾਲਚ ਦੇ ਕੰਮ ਕਰਨ, ਉਨ੍ਹਾਂ ਵਾਸਤੇ ਇਹੋ ਰਾਹੇ ਨਜ਼ਾਤ ਹੈ। ਕਈ ਇਨਸਾਨਾਂ'ਚ ਇਸ਼ਕੇ-ਮੁਹੱਬਤ ਦਾ ਵਲਵਲਾ ਹੁੰਦਾ ਹੈ। ਉਹ ਜਜ਼ਬਾਤੀ ਹੁੰਦੇ ਹਨ, ਉਨ੍ਹਾਂ ਵਾਸਤੇ ਭਗਤੀ ਯੋਗ ਔਰ ਖਾਲਸ ਇਬਾਦਤ (ਭਗਤੀ) ਹੀ ਰਾਹੇ ਨਜ਼ਾਤ ਹੈ। ਗਿਆਨ ਦਾ ਭਾਵ ਹੈ ਰੱਬੀ ਗਿਆਨ। ਉਨ੍ਹਾਂ ਵਾਸਤੇ ਇਹੋ ਬਿਹਤਰ ਹੈ ਕਿ ਉਹ ਪਰਮਾਤਮਾ ਦੀ ਜ਼ਾਤ'ਤੇ ਗੌਰ ਕਰਨ। ਪਰਮਾਤਮਾ ਅਤੇ ਆਤਮਾ ਦੇ ਰਾਜ਼ ਨੂੰ ਸਮਝਣ। ਦੁਨੀਆ'ਚ ਰਹਿੰਦੇ ਹੋਏ ਇਕ ਹਸਤੀ ਦੀ ਤਲਾਸ਼ ਕਰਨ, ਇਹੋ ਉਹਨਾਂ ਨੂੰ ਪਰਮਾਤਮਾ ਨਾਲ ਮਿਲਾਪ ਦਾ ਰਸਤਾ ਹੈ।

ਮਸਾਵਾਤ - ਗਿਆਨੀ ਨੂੰ ਜਦੋਂ ਰੱਬੀ ਗਿਆਨ ਹਾਸਲ ਹੋ ਜਾਂਦਾ ਹੈ ਤਾਂ ਉਸਨੂੰ ਸਭ ਬਰਾਬਰ ਨਜ਼ਰ ਆਉਣ ਲਗ ਪੈਂਦੇ ਹਨ। ਸਭ ਪਾਸੇ ਇਕ ਪਰਮਾਤਮਾ ਦਾ ਜਲਵਾ ਦਿਖਾਈ ਦੇਣ ਲੱਗ ਜਾਂਦਾ ਹੈ। ਉਹਦੇ ਵਾਸਤੇ ਸਭ ਜਾਨਦਾਰ ਬਰਾਬਰ ਹਨ। ਸਾਰਿਆਂ ਦੇ ਸੁਖ-ਦੁੱਖ ਵਿਚ ਸ਼ਰੀਕ ਹੁੰਦਾ ਹੈ (ਸੁਖ ਔਰੋਂ ਕਾ ਸਮਝੇ ਜੋ ਅੱਪਨਾ ਹੀ ਸੁਖ, ਦੁਖ ਔਰੋਂ ਕਾ ਸਮਝੇ ਜੋ ਅੱਪਨਾ ਹੀ ਦੁਖ ਜੋ ਸਭ ਕੋ ਕਰੇ ਅੱਪਨੇ ਜੈਸਾ ਖਿਆਲ, ਸੁਨ ਅਰਜਨ ਕਿ ਯੋਗੀ ਹੈ ਉਹ ਬਾਕਮਾਲ।) ਜਿਸ ਨੂੰ ਗਿਆਨ ਹਾਸਲ ਹੋ ਜਾਂਦਾ ਹੈ, ਉਸ ਦੀ ਦੁਨੀਆਂ ਹੀ ਨਿਰਾਲੀ ਹੋ ਜਾਂਦੀ ਹੈ, ਦਿਨ ਰਾਤ ਉਹ ਪਰਮਾਤਮਾ ਦੇ ਖਿਆਲ ਵਿਚ ਮਸਤ ਰਹਿੰਦਾ ਹੈ। ਉਸ ਦੇ ਦਿਲ ਵਿਚ ਸਕੂਨ ਹੁੰਦਾ ਹੈ। ਸੁਖ-ਦੁੱਖ ਦਾ ਉਹਦੇ'ਤੇ ਕੋਈ ਅਸਰ ਨਹੀਂ ਹੁੰਦਾ।

ਹੇਠਾਂ ਲਿਖੇ ਹੋਏ ਸ਼ਲੋਕਾਂ ਤੋਂ ਜ਼ਾਹਰ ਹੁੰਦਾ ਹੈ ਕਿ ਗੀਤਾ ਕਿਸ ਤਰ੍ਹਾਂ ਮਹਾਂਪੁਰਸ਼ (ਸ਼ੁਪਰਮਣ) ਪੈਦਾ ਕਰਨੇ ਚਾਹੁੰਦੀ ਹੈ :

ਜੋ ਸੁਖ ਸੇ ਸੁਖੀ ਹੋ ਨਾ ਦੁਖ ਸੇ ਦੁਖੀ, ਨਾ ਖ਼ੌਫ ਉਸ ਕੋ ਆਏ ਨਾ ਗੁੱਸਾ ਕਭੀ,

ਬੁਰਾਈ ਜੋ ਪਹੁੰਚੇ ਤੋ ਨਾਲਾ ਨ ਹੋ (ਰੋਵੇ ਨਾ), ਭਲਾਈ ਜੋ ਪਾਏ ਤੋ ਸ਼ਾਦਾਂ (ਖ਼ੁਸ਼) ਨਾ ਹੋ।

ਮਸਾਵਾਤ (ਬਰਾਬਰੀ) ਮੇਂ ਦਿਲ ਲਗਾਏ ਹੂਏ, ਜਨਮ ਪਰ ਵੁਹ ਕਾਬੂ ਹੈ ਪਾਏ ਹੂਏ

ਹੈ ਬੇ-ਐਬ-ਓ ਯਕਸਾ (ਬਰਾਬਰ) ਜੋ ਜ਼ਾਤੇ-ਖ਼ੁਦਾ-ਰਹੇ ਜਾਤ ਮੇਂ ਉਸ ਕੀ ਕਾਇਮ ਸਦਾ

ਨਾ ਅੱਸ਼ ਆਏ ਜ਼ਾਹਰ (ਦਿਖਾਈ ਦੇਣ ਵਾਲੀਆਂ ਚੀਜ਼ਾਂ) ਸੇ ਉਸ ਕੋ ਲਗਨ

ਹੈ ਅਨੰਦ ਸੇ ਆਤਮਾ ਮੇਂ ਮਗਨ

ਨਾ ਗੁੱਸਾ ਹੈ ਜਿਸ ਮੇਂ ਨਾ ਰੰਗੇ ਹਵਸ (ਲਾਲਚ) ਖ਼ਿਆਲ-ਓ-ਤਬੀਅੱਤ ਪੇ ਹੈ ਜਿਸ ਕਾ ਬਸ

ਮਿਲਾ ਆਤਮਾ ਕਾ ਜਿਨਹੇਂ ਗਿਆਨ ਹੈ, ਉਨਹੇਂ ਹਰ ਤਰਫ ਬ੍ਰੱਹਮ ਨਿਰਵਾਨ ਹੈ।

(ਇਹ ਜਾਣਕਾਰੀ ਮੈਂ 'ਖ਼ਵਾਜ਼ਾ ਦਿਲ ਮੁਹੰਮਦ ਸਾਹਿਬ ਦਾ 'ਗੀਤਾ' ਦਾ ਉਰਦੂ ਨਜ਼ਮ ਵਿਚ ਕੀਤਾ ਹੋਇਆ ਤਰਜਮਾ ਵਿੱਚੋਂ ਲਈ ਹੈ।)"

**ਧੰਨਵਾਦ ਸਾਹਿਬ : ਆਨੰਦ**

# ਪਾਕਿ ਦੇ ਸਾਬਕਾ ਵਿਦੇਸ਼ ਮੰਤਰੀ ਚੋਣਾਂ ਲੜਨ ਲਈ ਅਯੋਗ ਕਰਾਰ



ਕਰਾਚੀ: ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਅਤੇ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸੀਨੀਅਰ ਉਪ ਪ੍ਰਧਾਨ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਇੱਕ ਚੋਣ ਟ੍ਰਿਬਿਊਨਲ ਨੇ 8 ਫ਼ਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਲੜਨ ਲਈ ਅਯੋਗ ਕਰਾਰ ਦੇ ਦਿੱਤਾ ਹੈ। ਇਹ ਜਾਣਕਾਰੀ ਇੱਕ ਮੀਡੀਆ ਰਿਪੋਰਟ 'ਚ ਦਿੱਤੀ ਗਈ।

ਦਾ ਨਿਊਜ਼ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਿਕ ਇੱਕ ਅਪੀਲੀ ਚੋਣ ਟ੍ਰਿਬਿਊਨਲ ਨੇ ਕੁਰੈਸ਼ੀ ਦੇ ਨਾਮਜ਼ਦਗੀ ਪੱਤਰਾਂ ਨੂੰ ਰੱਦ ਕਰਨ ਖ਼ਿਲਾਫ਼ ਉਨ੍ਹਾਂ ਦੀ ਅਪੀਲ ਨੂੰ ਰੱਦ ਕਰ ਦਿੱਤਾ। ਹਾਲਾਂਕਿ ਅਪੀਲੀ ਚੋਣ ਟ੍ਰਿਬਿਊਨਲ ਨੇ 67 ਸਾਲਾ ਕੁਰੈਸ਼ੀ ਨੂੰ ਸਿੰਧ ਦੇ ਉਮੇਰਕੋਟ ਕਸਬੇ ਦੇ NA-214 ਹਲਕੇ ਤੋਂ ਚੋਣ ਲੜਨ ਦੀ ਮਨਜ਼ੂਰੀ ਦੇ ਦਿੱਤੀ ਹੈ ਜਦ ਕਿ ਸਾਬਕਾ ਵਿਦੇਸ਼ ਮੰਤਰੀ ਦੀਆਂ ਦੋ ਨੈਸ਼ਨਲ ਅਸੈਂਬਲੀ ਅਤੇ ਪੰਜਾਬ ਸੂਬੇ ਦੇ ਮੁਲਤਾਨ ਦੀਆਂ ਵਿਧਾਨ ਸਭਾ ਸੀਟਾਂ ਦੇ ਨਾਮਜ਼ਦਗੀ ਪੱਤਰ ਰੱਦ ਕਰਨ ਦੇ ਰਿਟਰਨਿੰਗ ਅਫ਼ਸਰ ਦੇ ਫ਼ੈਸਲੇ ਖ਼ਿਲਾਫ਼ ਦਾਇਰ ਉਨ੍ਹਾਂ ਦੀ ਅਪੀਲ ਨੂੰ ਰੱਦ ਕਰ ਦਿੱਤਾ। ਕੁਰੈਸ਼ੀ ਇਸ ਸਮੇਂ ਰਾਵਲਪਿੰਡੀ ਦੀ ਅਦਿਆਲਾ ਜੇਲ 'ਚ ਗੁਪਤ ਦਸਤਾਵੇਜ਼ ਲੀਕ ਕਰਨ ਦੇ ਮਾਮਲੇ 'ਚ ਬੰਦ ਹਨ।

# ਮੇਰੀ ਕਹਾਣੀ

ਕਿਸ਼ਤ 254

ਗੁਰਮੇਲ ਸਿੰਘ ਭੰਵਰਾ



ਪਰੌਂਠੇ ਖਾ ਕੇ, ਚਾਹ ਬਗੈਰਾ ਪੀ ਕੇ ਜਸਵੰਤ ਅਤੇ ਗਿਆਨੋ ਭੈਣ ਆਪਣੇ ਕਮਰੇ ਵਿਚ ਜਾ ਕੇ ਤਿਆਰ ਹੋਣ ਲੱਗੇ। ਅਸੀਂ ਭੀ ਤਿਆਰੀ ਵਿਚ ਰੁਝ ਗਏ। ਅੱਧੇ ਕੁ ਘੰਟੇ ਬਾਅਦ ਜਸਵੰਤ ਹੁਣੀਂ ਤਿਆਰ ਹੋ ਕੇ ਆ ਗਏ ਅਤੇ ਵਿਚਾਰ ਕਰਨ ਲੱਗੇ ਕਿ ਅਜ ਕਿਥੇ ਜਾਣਾ ਹੈ। ਸਲਾਹ ਹੋਈ ਕਿ ਅਜ ਇੱਕ ਤਾਂ ਸੰਤਰਿਆਂ ਦਾ ਬਾਗ ਦੇਖਣ ਚਲੀਏ ਅਤੇ ਦੂਜੇ ਲਿਡਲ ਸਟੋਰ ਵਿਚ ਕੁਛ ਸ਼ੌਪਿੰਗ ਕੀਤੀ ਜਾਵੇ, ਜੋ ਸਾਡੇ ਪਾਸ ਵਕਤ ਰਹਿੰਦਾ ਹੈ ਉਹ ਇਥੇ ਅਲਗਾਰਵ ਵਿਚ ਹੀ ਬਿਤਾਉਂਦੇ ਹਾਂ। ਕਮਰੇ ਬੰਦ ਕਰਕੇ ਅਸੀਂ ਥੱਲੇ ਆ ਗਏ ਅਤੇ ਕਾਰ ਵਿਚ ਬੈਠ ਕੇ ਸੜਕ ਤੇ ਆ ਗਏ। ਅਗਿਓਂ ਇੱਕ ਗੋਰਾ ਆ ਗਿਆ ਜੋ ਅਕਸਰ ਮਿਲਦਾ ਰਹਿੰਦਾ ਸੀ। ਗੱਡੀ ਵਿਚ ਹੀ ਜਸਵੰਤ ਉਸ ਨਾਲ ਗਲੀਂ ਜੁੱਟ ਗਿਆ। ਉਹ ਕਿਸੇ ਕਲੱਬ ਦੀਆਂ ਗੱਲਾਂ ਕਰਦਾ ਰਿਹਾ ਕਿ ਉਹ ਰਾਤ ਦੇ ਦੋ ਵਜੇ ਤਕ ਉਥੇ ਰਹੇ ਅਤੇ ਬਹੁਤ ਮਜ਼ੇ ਕੀਤੇ। ਜਦ ਅਸੀਂ ਦੱਸਿਆ ਕਿ ਅਸੀਂ ਲਿਜ਼ਬਨ ਹੋ ਕੇ ਆਏ ਹਾਂ ਤਾਂ ਉਹ ਕਹਿਣ ਲੱਗਾ ਕਿ ਸਾਨੂੰ ਸੈਵਲ ਭੀ ਜਾ ਕੇ ਦੇਖਣਾ ਚਾਹੀਦਾ ਹੈ। ਸੈਵਲ ਸਪੇਨ ਦਾ ਖੂਬਸੂਰਤ ਸ਼ਹਿਰ ਹੈ। ਉਹਨੇ ਦੱਸਿਆ ਕਿ ਉਥੇ ਪੁਰਾਣੇ ਜ਼ਮਾਨੇ ਦੇ ਕੈਥੀਡਰਲ ਹਨ ਜੋ ਦੇਖਣ ਵਾਲੇ ਹਨ। ਉਸ ਨੇ ਹੋਰ ਭੀ ਕਈ ਗੱਲਾਂ ਦੱਸੀਆਂ। ਜਿੰਨੀ ਦੇਰ ਭੀ ਉਹਨੇ ਸਾਡੇ ਨਾਲ ਗੱਲਾਂ ਕੀਤੀਆਂ, ਫ਼ੂਡ ਵਾਰੇ ਰੈਸਟੋਰੈਂਟਾਂ ਦੀਆਂ ਅਤੇ ਡਾਂਸਿੰਗ ਕਲੱਬਾਂ ਦੀਆਂ ਗੱਲਾਂ ਕਰਦਾ ਰਿਹਾ। ਫਿਰ ਨੇੜੇ ਹੀ ਇੱਕ ਹੋਟਲ ਦੀਆਂ ਗੱਲਾਂ ਕਰਦੇ ਕਰਦੇ ਦੱਸਿਆ ਕਿ ਉਥੇ ਦਾ ਪੀਰੀ ਪੀਰੀ ਚਿਕਨ ਬਹੁਤ ਮਜ਼ੇਦਾਰ ਹੈ। ਜਦ ਅਸੀਂ ਉਸ ਗੋਰੇ ਤੋਂ ਛੁਟਕਾਰਾ ਪਾਇਆ ਤਾਂ ਅਸੀਂ ਬਹੁਤ ਹਸੇ ਕਿ ਇਹਨਾਂ ਗੋਰਿਆਂ ਨੂੰ ਡਿਨਰ ਐਂਡ ਡਾਂਸਿੰਗ ਤੋਂ ਸਿਵਾ ਕੁਛ ਸੁਝਦਾ ਹੀ ਨਹੀਂ। ਵੈਸੇ ਜੇ ਦੇਖਿਆ ਜਾਵੇ ਤਾਂ ਹੌਲੀਡੇ ਤਾਂ ਲੁਤਫ਼ ਉਠਾਉਣ ਵਾਸਤੇ ਹੀ ਹੁੰਦੀ ਹੈ, ਜਿਵੇਂ ਅਸੀਂ ਭੀ ਮੇਲਾ ਦੇਖਣ ਜਾਂਦੇ ਹੁੰਦੇ ਸੀ, ਉਥੇ ਭੀ ਇਹੋ ਕੁਛ ਹੀ ਹੁੰਦਾ ਹੈ ! ਉਸ ਗੋਰੇ ਨੂੰ ਬਾਈ ਬਾਈ ਕਰਕੇ ਅਸੀਂ ਅੱਗੇ ਚਲ ਪਏ। ਵੈਸੇ ਤਾਂ ਪੁਰਤਗਾਲ ਵਿਚ ਸੰਤਰਿਆਂ ਦੇ ਬਾਗ ਬਹੁਤ ਹੋਣਗੇ ਪਰ ਅੱਧੇ ਕੁ ਘੰਟੇ ਵਿਚ ਅਸੀਂ ਇੱਕ ਬਾਗ ਅੱਗੇ ਆ ਗਏ। ਪਹਿਲਾਂ ਹੀ ਸਾਨੂੰ ਇੱਕ ਪੁਰਤਗਾਲੀ ਦੇ ਦਰਸ਼ਨ ਹੋਏ ਜੋ ਬਾਗ ਦੇ ਨਾਲ ਹੀ ਸੰਤਰੇ ਵੇਚ ਰਿਹਾ ਸੀ। ਇੱਕ ਵੱਡੀ ਜਿਹੀ ਰੇਹੜੀ ਤੇ ਉਸ ਨੇ ਸੰਤਰੇ ਰਖੇ ਹੋਏ ਸਨ। ਉਹ ਸੰਤਰੇ ਵੇਚ ਭੀ ਰਿਹਾ ਸੀ ਅਤੇ ਜੂਸ ਕੱਢ ਕੇ ਭੀ ਦੇ ਰਿਹਾ ਸੀ। ਨਾਲ ਹੀ ਬਾਗ ਸੀ ਜਿਸ ਵਿਚ ਸੰਤਰਿਆਂ ਦੇ ਦਰਖਤਾਂ ਦਾ ਕੋਈ ਅੰਤ ਨਹੀਂ ਸੀ।

ਕੁਛ ਦੇਰ ਅਸੀਂ ਖੜ੍ਹੇ ਰਹੇ, ਸੋਚ ਰਹੇ ਸੀ ਕਿ ਉਸ ਸ਼ਖਸ ਕੋਲੋਂ ਬਾਗ ਦੇ ਵਿਚ ਜਾਣ ਦੀ ਇਜਾਜ਼ਤ ਮਿਲ ਜਾਵੇ। ਜਦ ਉਸ ਨੇ ਵੇਲ੍ਹੇ ਹੋ ਕੇ ਸਾਡੇ ਵਲ ਦੇਖਿਆ ਤਾਂ ਅਸੀਂ ਉਸ ਤੋਂ ਅੰਦਰ ਜਾਣ ਲਈ ਪੁੱਛਿਆ। ਸਾਡੀ ਗੱਲ ਉਹ ਇਛਾਰੇ ਤੋਂ ਹੀ ਸਮਝ ਗਿਆ ਅਤੇ ਆਪਣੀ ਭਾਸ਼ਾ ਵਿਚ ਬੋਲਦਾ ਹੋਇਆ ਸਾਨੂੰ ਜਾਣ ਦਾ ਇਛਾਰਾ ਕਰ ਦਿੱਤਾ। ਜਿੱਦਾਂ ਜਿੱਦਾਂ ਅਸੀਂ ਬਾਗ ਦੇ ਵਿਚ ਤੁਰਦੇ ਗਏ, ਅੱਗੇ ਦੂਰ ਦੂਰ ਤਕ ਸੰਤਰੇ ਹੀ ਸੰਤਰੇ ਲਟਕਦੇ ਦਿਖਾਈ ਦੇ ਰਹੇ ਸਨ। ਜਸਵੰਤ ਵਾਰੇ ਤਾਂ ਮੈਂ ਕਹਿ ਨਹੀਂ ਸਕਦਾ ਕਿ ਉਸ ਨੇ ਇੰਨੇ ਸੰਤਰਿਆਂ ਦੇ ਦਰੱਖਤ ਪਹਿਲਾਂ ਭੀ ਕਦੇ ਦੇਖੇ ਹੋਣਗੇ ਲੇਕਿਨ ਮੈਂ ਅਤੇ ਕੁਲਵੰਤ ਨੇ ਪਹਿਲਾਂ ਕਦੇ ਦੇਖੇ ਨਹੀਂ ਸਨ। ਇਹ ਦਰਖਤ ਦੋਨੀਂ ਪਾਸੀਂ ਲਾਈਨਾਂ ਵਿਚ ਲੱਗੇ ਹੋਏ ਸਨ ਅਤੇ ਵਿਚਕਾਰ ਵਿਚ ਪੰਜ ਕੁ ਫੁੱਟ ਚੌੜਾ ਰਸਤਾ ਸੀ। ਉਸ ਵਕਤ ਇਹ ਦਰੱਖਤ ਸੰਤਰਿਆਂ ਨਾਲ ਲੱਦੇ ਹੋਏ ਸਨ ਅਤੇ ਬਹੁਤ ਸੋਹਣੇ ਲਗ ਰਹੇ ਸਨ। ਕੁਛ ਦੂਰ ਜਾ ਕੇ ਅਸੀਂ ਫੋਟੋ ਖਿੱਚਣ ਲੱਗੇ। ਦਰੱਖਤਾਂ ਦੀਆਂ ਟਾਹਣੀਆਂ ਨੂੰ ਫੜ ਕੇ ਸੰਤਰਿਆਂ ਨੂੰ ਹੱਥਾਂ ਵਿਚ ਫੜਕੇ ਫੋਟੋ ਖਿਚਵਾਉਣ ਦਾ ਇੱਕ ਚਾਅ ਜਿਹਾ ਸੀ। ਅੱਗੇ ਗਏ ਤਾਂ ਛੋਟੇ ਛੋਟੇ ਦਰੱਖਤ ਦਿਖਾਈ ਦੇ ਰਹੇ ਸਨ ਪਰ ਹੈਰਾਨੀ ਦੀ ਗੱਲ ਸਾਨੂੰ ਇਹ ਲੱਗੀ ਕਿ ਸੰਤਰੇ ਇਹਨਾਂ ਨੂੰ ਭੀ ਬਹੁਤ ਲੱਗੇ ਹੋਏ ਸਨ। ਜਿਹਨਾਂ ਦੇਸ਼ਾਂ ਵਿਚ ਸੰਤਰੇ ਅਤੇ ਹੋਰ ਫਰੂਟ ਆਮ ਹੀ ਉਗਾਏ ਜਾਂਦੇ ਹਨ, ਉਥੇ ਦੇ ਲੋਕਾਂ ਨੂੰ ਤਾਂ ਇਹ ਗੱਲ ਕੋਈ ਮਾਹਨੇ ਨਹੀਂ ਰੱਖਦੀ ਹੋਵੇਗੀ ਪਰ ਸਾਡੇ ਵਰਗਿਆਂ ਨੂੰ ਇਹ ਖਾਸ ਹੀ ਸੀ। ਹੋਰ ਦੂਰ ਜਾਣ ਦਾ ਤਾਂ ਹੁਣ ਕੋਈ ਫਾਇਦਾ ਨਹੀਂ ਸੀ ਕਿਉਂਕਿ ਅੱਗੇ ਕੁਛ ਆਦਮੀ ਔਰਤਾਂ ਸੰਤਰੇ ਤੋੜ ਤੋੜ ਕੇ ਇੱਕ ਲੌਰੀ ਜਿਹੀ ਵਿਚ ਪਾ ਰਹੇ ਸਨ। ਅਸੀਂ ਵਾਪਸ ਆ ਗਏ ਅਤੇ ਉਸ ਪੁਰਤਗਾਲੀ ਕੋਲੋਂ ਸੰਤਰੇ ਲਏ। ਇੱਕ ਯੂਰੋ ਦਾ ਬੈਗ ਭਰ ਗਿਆ।

ਬੈਗ ਚੁਕੀ ਹਸਦੇ ਹੋਏ ਬਾਹਰ ਆ ਗਏ ਅਤੇ ਕਾਰ ਵਿਚ ਬੈਠ ਕੇ ਲਿਡਲ ਸਟੋਰ ਵਲ ਨੂੰ ਚਲ ਪਏ। ਉਸ ਸਮੇ ਇੰਗਲੈਂਡ ਵਿਚ ਅਜੇ ਕੋਈ ਕੋਈ ਲਿਡਲ ਸਟੋਰ ਹੀ ਖੁਲ੍ਹਿਆ ਸੀ ਅਤੇ ਆਮ ਲੋਕਾਂ ਦੀ ਸੋਚ ਇਹ ਹੀ ਹੁੰਦੀ ਸੀ ਕਿ ਇਸ ਸਟੋਰ ਦੀਆਂ ਚੀਜ਼ਾਂ ਦੀ ਕੁਆਲਿਟੀ ਇੰਨੀ ਅੱਛੀ ਨਹੀਂ ਹੁੰਦੀ, ਇਸੇ ਲਈ ਇਥੇ ਚੀਜ਼ਾਂ ਸਸਤੀਆਂ ਹੁੰਦੀਆਂ ਹਨ। ਹੁਣ ਤਾਂ ਇਹ ਸਟੋਰ ਇੰਗਲੈਂਡ ਦੇ ਹਰ ਟਾਊਨ ਵਿਚ ਹਨ ਅਤੇ ਭਰੇ ਰਹਿੰਦੇ ਹਨ, ਸ਼ਾਇਦ ਬੇਕਾਰੀ ਵਧਣ ਕਰਕੇ ਹੋਵੇ। ਪੁੱਛਦੇ ਪੁੱਛਦੇ ਅਸੀਂ ਲਿਡਲ ਸਟੋਰ ਕੋਲ ਆ ਗਏ। ਕਾਰ ਪਾਰਕ ਵਿਚ ਕਾਰ ਖੜ੍ਹੀ ਕੀਤੀ ਅਤੇ ਅੰਦਰ ਚਲੇ ਗਏ। ਜ਼ਿਆਦਾ ਚੀਜ਼ਾਂ ਦੀ ਸਾਨੂੰ ਲੋੜ ਨਹੀਂ ਸੀ। ਇਥੇ ਜ਼ਿਆਦਾ ਤਰ ਚੀਜ਼ਾਂ ਪੁਰਤਗਾਲ ਦੀਆਂ ਬਣੀਆਂ ਹੋਈਆਂ ਹੀ ਸਨ ਜਿਵੇਂ ਇੰਡੀਆ ਦੇ ਸਟੋਰਾਂ ਵਿਚ ਇੰਡੀਆ ਦੀਆਂ ਬਣੀਆਂ ਚੀਜ਼ਾਂ ਹੁੰਦੀਆਂ ਹਨ। ਅੱਧੇ ਘੰਟੇ ਵਿਚ ਸ਼ੌਪਿੰਗ ਖਤਮ ਹੋ ਗਈ ਅਤੇ ਵਾਪਸੀ ਹੋ ਗਈ। ਇਹ ਐਵੇਂ ਵਕਤ ਪਾਸ ਹੀ ਸੀ। ਹੋਟਲ ਵਿਚ ਵਾਪਸ ਆ ਕੇ ਕੁਲਵੰਤ ਅਤੇ ਗਿਆਨੋਂ ਭੈਣ ਆਪਣੇ ਲਈ ਕੁਛ ਬਣਾਉਣ ਲੱਗ ਪਈਆਂ, ਮੈਂ ਅਤੇ ਜਸਵੰਤ ਉਸ ਗੋਰੇ ਦੇ ਦੱਸੇ ਹੋਟਲ ਵਿਚ ਪੀਰੀ ਪੀਰੀ ਚਿਕਨ ਖਾਣ ਲਈ ਚਲ ਪਏ।

ਸ਼ਾਮ ਹੋ ਗਈ ਸੀ। ਹੋਟਲਾਂ ਵਿਚ ਰੌਸ਼ਨੀਆਂ ਹੀ ਰੌਸ਼ਨੀਆਂ ਸਨ ਪਰ ਇਹਨਾਂ ਵਿਚ ਖਾਣ ਵਾਲੇ ਇਨਸਾਨ ਇੰਨੇ ਨਹੀਂ ਸਨ ਜਿਵੇਂ ਹੜਤਾਲ ਤੇ ਚਲੇ ਗਏ ਹੋਣ। ਸਵੇਰ ਵੇਲੇ ਜਿਹੜਾ ਹੋਟਲ ਉਸ ਗੋਰੇ ਨੇ ਦੱਸਿਆ ਸੀ ਉਸ ਨੂੰ ਢੂੰਡਣ ਵਿਚ ਕੋਈ ਦਿੱਕਤ ਪੇਸ਼ ਨਹੀਂ ਆਈ। ਜਦ ਅਸੀਂ ਅੰਦਰ ਗਏ ਤਾਂ ਚਾਲੀ ਕੁ ਸਾਲ ਦਾ ਇੱਕ ਲੜਕਾ ਆ ਗਿਆ, ਸਾਨੂੰ ਦੇਖ ਕੇ ਉਸ ਨੇ ਸਤਿ ਸ੍ਰੀ ਅਕਾਲ ਬੋਲਿਆ ਅਤੇ ਸਾਨੂੰ ਬੈਠਣ ਲਈ ਇੱਕ ਮੇਜ ਵਲ ਇਛਾਰਾ ਕਰ ਦਿੱਤਾ। ਉਹਦੀ ਸਤਿ ਸ੍ਰੀ ਅਕਾਲ ਤੋਂ ਅਸੀਂ ਹੈਰਾਨ ਜਿਹੇ ਹੋ ਗਏ ਲੇਕਿਨ ਚੰਗਾ ਲੱਗਿਆ। ਜਦੋਂ ਉਸ ਨੇ ਸਾਨੂੰ ਡਰਿੰਕ ਵਾਸਤੇ ਪੁੱਛਿਆ ਤਾਂ ਅਸੀਂ ਉਸ ਨੂੰ ਦੋ ਲਾਗ਼ਰ ਬੀਅਰ ਦੇ ਗਲਾਸ ਦਾ ਔਰਡਰ ਦੇ ਦਿੱਤਾ। ਉਹ ਤਿੰਨ ਗਲਾਸ ਲਾਗ਼ਰ ਦੇ ਲੈ ਆਇਆ ਅਤੇ ਸਾਡੇ ਕੋਲ ਹੀ ਬੈਠ ਗਿਆ ਅਤੇ ਬੈਠਦੇ ਸਾਰ ਹੀ ਉਸ ਨੇ ਮੈਨਿਊ ਕਾਰਡ ਸਾਨੂੰ ਦੇ ਦਿੱਤਾ। ਅਸੀਂ ਉਸ ਨੂੰ ਪੀਰੀ ਪੀਰੀ ਚਿਕਨ ਅਤੇ ਚਾਵਲ ਵਾਸਤੇ ਕਿਹਾ ਤਾਂ ਉਹ ਕਹਿਣ ਲੱਗਾ ਕਿ ਅਸੀਂ ਤੁਹਾਨੂੰ ਤਾਜ਼ਾ ਬਣਾ ਕੇ ਖੁਆਵਾਂਗੇ। ਉਹ ਉੱਠ ਕੇ ਗਿਆ ਅਤੇ ਇੱਕ ਕੁੜੀ ਨੂੰ ਆਪਣੀ ਭਾਸ਼ਾ ਵਿਚ ਸਮਝਾ ਦਿੱਤਾ। ਉਹ ਕੁੜੀ ਉਸੇ ਵੇਲੇ ਤਾਜ਼ਾ ਚਿਕਨ ਬਣਾਉਣ ਲੱਗੀ। ਉਹ ਮੁੰਡਾ ਫਿਰ ਸਾਡੇ ਕੋਲ ਆ ਕੇ ਬੈਠ ਗਿਆ ਅਤੇ ਗੱਲਾਂ ਕਰਨ ਲੱਗਾ ਕਿ ਉਹ ਤਾਂ ਇੰਡੀਆ ਜਾਂਦਾ ਹੀ ਰਹਿੰਦਾ ਹੈ। ਜਦ ਉਸ ਨੇ ਇਹ ਦੱਸਿਆ ਕਿ ਉਹ ਜਲੰਧਰ ਅੰਮ੍ਰਿਤਸਰ ਕਈ ਦਫ਼ਾ ਜਾ ਆਇਆ ਹੈ ਤਾਂ ਅਸੀਂ ਹੈਰਾਨ ਜਿਹੇ ਹੋ ਗਏ। ਫਿਰ ਉਸ ਨੇ ਦੱਸਿਆ ਕਿ ਉਸ ਦੇ ਰਿਸ਼ਤੇਦਾਰ ਗੋਆ ਵਿਚ ਰਹਿੰਦੇ ਹਨ। ਜਸਵੰਤ ਕਹਿਣ ਲੱਗਾ ਕਿ ਸਾਡਾ ਭੀ ਵਿਚਾਰ ਹੈ ਕਿ ਗੋਆ ਘੁੰਮ ਆਈਏ। ਉਸ ਨੇ ਕਿਹਾ ਕਿ ਅਸੀਂ ਜਰੂਰ ਜਾਈਏ, ਉਥੇ ਬਹੁਤ ਬੀਚ ਦੇਖਣ ਵਾਲੇ ਹਨ, ਉਸ ਨੇ ਕਈ ਬੀਚਾਂ ਦੇ ਨਾਮ ਲਏ। ਕਾਫੀ ਦੇਰ ਉਹ ਸਾਡੇ ਨਾਲ ਬੈਠਾ ਗੱਲਾਂ ਮਾਰਦਾ ਰਿਹਾ ਅਤੇ ਬੀਅਰ ਭੀ ਪੀਂਦਾ ਰਿਹਾ। ਅਸੀਂ ਆਪਣੇ ਗਲਾਸ ਮੁਕਾ ਕੇ ਦੋ ਹੋਰ ਦਾ ਔਰਡਰ ਦੇ ਦਿੱਤਾ। ਉਹ ਤਿੰਨ ਗਲਾਸ ਲਿਆ ਕੇ ਫਿਰ ਸਾਡੇ ਨਾਲ ਬਹਿ ਗਿਆ। ਕੋਈ ਘੰਟੇ ਕੁ ਬਾਅਦ ਉਸ ਕੁੜੀ ਨੇ ਉਸ ਮੁੰਡੇ ਨੂੰ ਚਿਕਨ ਬਣ ਜਾਣ ਦਾ ਦੱਸ ਦਿੱਤਾ। ਮੁੰਡੇ ਨੇ ਸਾਡੇ ਅੱਗੇ ਖਾਣੇ ਦੀਆਂ ਪਲੇਟਾਂ ਰੱਖ ਦਿੱਤੀਆਂ। ਆਪ ਉਹ ਉਸ ਕੁੜੀ ਨਾਲ ਗੱਲੀਂ ਜੁੱਟ ਗਿਆ ਅਤੇ ਅਸੀਂ ਖਾਣ ਲੱਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੀਰੀ ਪੀਰੀ ਚਿਕਨ ਬਹੁਤ ਮਜ਼ੇਦਾਰ ਸੀ। ਖਾਣਾ ਖਾ ਕੇ ਵੇਲ੍ਹੇ ਹੋ ਗਏ ਤਾਂ ਉਹ ਮੁੰਡਾ ਬਿਲ ਲੈ ਕੇ ਆ ਗਿਆ। ਸਾਨੂੰ ਹੈਰਾਨੀ ਹੋਈ ਕਿ ਇੰਨੇ ਵਧੀਆ ਖਾਣੇ ਦਾ ਬਿਲ ਸਿਰਫ ਪੰਦਰਾਂ ਯੂਰੋ ਸੀ। ਉਹ ਮੁੰਡਾ ਬਹੁਤ ਗਾਲੜੀ ਸੀ। ਜਿਦਾਂ ਕਿਸੇ ਨੂੰ ਗੱਡੀ ਚੜ੍ਹਾਉਣ ਆਏ ਅਖੀਰ ਤਕ ਗੱਲਾਂ ਮੁਕਦੀਆਂ ਨਹੀਂ, ਇਸੇ ਤਰਾਂ ਉਹ ਮੁੰਡਾ ਗੱਲਾਂ ਮਾਰੀ ਜਾ ਰਿਹਾ ਸੀ। ਫਿਰ ਕਹਿਣ ਲੱਗਾ, ਬਸ ਦੋ ਹਫਤੇ ਬਾਅਦ ਸਾਰੇ ਹੋਟਲ ਫਿਰ ਤੋਂ ਭਰੇ ਹੋਣਗੇ। ਹੁਣ ਅਸੀਂ ਭੀ ਬਸ ਖਹਿੜਾ ਛਡਾਉਣ ਵਾਂਗੂ ਉਥੋਂ ਬਾਹਰ ਨਿਕਲ ਆਏ। ਜਸਵੰਤ ਹੱਸ ਪਿਆ ਕਿ ਇਹ ਤਾਂ ਮਾਮਾ, ਚੁੰਬੜ ਹੀ ਗਿਆ। ਹੱਸਦੇ ਹੱਸਦੇ ਅਸੀਂ ਕਮਰੇ ਵਿਚ ਆ ਗਏ। ਕੁਲਵੰਤ ਅਤੇ ਗਿਆਨੋ ਭੈਣ ਖਾ ਪੀ ਕੇ ਗੱਲਾਂ ਮਾਰ ਰਹੀਆਂ ਸਨ। ਅਸੀਂ ਆਉਂਦਿਆਂ ਨੇ ਟੀਵੀ ਔਨ ਕਰ ਦਿੱਤਾ ਅਤੇ ਇੰਗਲੈਂਡ ਦੀਆਂ ਖਬਰਾਂ ਦੇਖਣ ਲੱਗੇ। ਅਸੀਂ ਸਾਰੇ ਹੱਸ ਪਏ ਕਿਉਂਕਿ ਇੰਗਲੈਂਡ ਵਿਚ ਸਨੋਹ ਪੈ ਰਹੀ ਸੀ, ਪੁਰਤਗਾਲ ਵਿਚ ਇੰਡੀਆ ਵਰਗਾ ਗਰਮ ਮੌਸਮ ਸੀ ਅਤੇ ਉਥੇ ਠੰਡ ਸੀ। ਕੁਛ ਦੇਰ ਬੈਠ ਕੇ ਜਸਵੰਤ ਹੁਣੀਂ ਆਪਣੇ ਕਮਰੇ ਵਿਚ ਚਲੇ ਗਏ ਅਤੇ ਅਸੀਂ ਭੀ ਸੌਣ ਦੀ ਤਿਆਰੀ ਕਰਨ ਲੱਗੇ। ਇਸ ਤੋਂ ਅਗਲੇ ਦਿਨ ਸਵੇਰੇ ਉੱਠ ਕੇ ਅਸੀਂ ਸਮੁੰਦਰ ਦੇ ਤਟ ਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਹੁਣ ਵਕਤ ਭੀ ਸਾਡੇ ਕੋਲ ਇੰਨਾ ਨਹੀਂ ਸੀ। ਬੀਚ ਵਾਰੇ ਅਸੀਂ ਪਤਾ ਕਰ ਲਿਆ ਸੀ ਜੋ ਅੱਧੇ ਕੁ ਘੰਟੇ ਦੀ ਦੂਰੀ ਤੇ ਸੀ। ਸਵੇਰੇ ਉੱਠ ਕੇ ਜਸਵੰਤ ਨੂੰ ਮੈਂ ਕਿਹਾ ਕਿ ਆਪਾਂ ਟੈਕਸੀ ਕਰ ਲੈਂਦੇ ਹਾਂ ਤਾਂ ਉਹ ਕਹਿਣ ਲੱਗਾ, ਮਾਮਾ, ਤੁਰ ਕੇ ਹੀ ਚਲਦੇ ਹਾਂ, ਐਕਸਰਸਾਈਜ਼ ਹੋ ਜਾਵੇਗੀ। ਟੈਕਸੀ ਸਟੈਂਡ ਲਾਗੇ ਹੀ ਸੀ ਪਰ ਇੰਡੀਆ ਵਾਂਗੂ ਕੋਈ ਟੈਕਸੀ ਵਾਲਾ ਮਗਰ ਨਹੀਂ ਪੈਂਦਾ, ਜਿਹਨੂੰ ਲੋੜ ਹੁੰਦੀ ਹੈ, ਆਪ ਹੀ ਜਾ ਕੇ ਉਸ ਨੂੰ ਪੁੱਛਣਾ ਪੈਂਦਾ ਹੈ। ਖੈਰ, ਜਸਵੰਤ ਦਾ ਆਈਡੀਆ ਠੀਕ ਹੀ ਸੀ ਕਿਉਂਕਿ ਰਸਤੇ ਵਿਚ ਦੁਕਾਨਾਂ ਬਹੁਤ ਸਨ। ਵਿੰਡੋਹ ਸ਼ੌਪਿੰਗ ਕਰਦੇ ਹੋਏ ਅਸੀਂ ਬੀਚ ਵਲ ਨੂੰ ਵਧ ਰਹੇ ਸੀ। ਕਿਸੇ ਕਿਸੇ ਦੁਕਾਨ ਤੇ ਖੜ੍ਹੇ ਹੋ ਕੇ ਕੁਛ ਚੀਜ਼ਾਂ ਭੀ ਪਸੰਦ ਕਰ ਲਈਆਂ ਕਿ ਬੀਚ ਤੋਂ ਆਉਂਦੇ ਵਕਤ ਇਹਨਾਂ ਦੀ ਖਰੀਦੋਫ਼ਰੋਖਤ ਕੀਤੀ ਜਾਵੇਗੀ।

ਚਲਦਾ................

# ਮਾਲਦੀਵਜ਼ ਨਾਲ ਵਿਵਾਦ ਕਾਰਨ ਵੱਡੇ ਪੱਧਰ ’ਤੇ ਭਾਰਤੀ ਰੱਦ ਕਰ ਰਹੇ ਨੇ ਹੋਟਲ ਬੁਕਿੰਗਜ਼

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੱਖਣ ਦੌਰੇ ਤੋਂ ਬਾਅਦ ਲਕਸ਼ਦੀਪ ਸਭ ਤੋਂ ਜ਼ਿਆਦਾ ਸਰਚ ਕੀਤੀ ਜਾਣ ਵਾਲੀ ਜਗ੍ਹਾ ਬਣ ਗਈ ਹੈ। ਮੋਦੀ ਨੇ ਹਾਲ ਹੀ ’ਚ ਲਕਸ਼ਦੀਪ ਦਾ ਦੌਰਾ ਕੀਤਾ ਸੀ ਅਤੇ ਲੋਕਾਂ ਨੂੰ ਇੱਕ ਵਿਸ਼ੇਸ਼ ਅਪੀਲ ਕੀਤੀ ਸੀ। ਉਸ ਤੋਂ ਬਾਅਦ ਲੋਕਾਂ ਨੇ ਗੂਗਲ ’ਤੇ ਲਕਸ਼ਦੀਪ ਬਾਰੇ ਸਰਚ ਕਰਨਾ ਸ਼ੁਰੂ ਕਰ ਦਿੱਤਾ। ਜ਼ਿਕਰਯੋਗ ਹੈ ਕਿ ਹਾਲ ਹੀ ’ਚ ਮਾਲਦੀਵਜ਼ ’ਚ ਚੀਨ ਦੀ ਹਮਾਇਤ ਵਾਲੀ ਸਰਕਾਰ ਆਉਣ ਤੋਂ ਬਾਅਦ ਭਾਰਤ ਅਤੇ ਮਾਲਦੀਵਜ਼ ਦੇ ਸਬੰਧਾਂ ’ਚ ਤਨਾਅ ਦੇਖਣ ਨੂੰ ਮਿਲਿਆ ਹੈ। ਮਾਲਦੀਵਜ਼ ਦੀ ਨਵੀਂ ਚੁਣੀ ਗਈ ਸਰਕਾਰ ਚੀਨ ਦੀ ਹਮਾਇਤੀ ਹੈ, ਅਤੇ ਉਸ ਨੇ ਭਾਰਤ ਨੂੰ ਉੱਥੋਂ ਆਪਣੀਆਂ ਫ਼ੌਜਾਂ ਵਾਪਿਸ ਬੁਲਾਉਣ ਦੇ ਨਿਰਦੇਸ਼ ਦਿੱਤੇ ਹਨ।



ਇਸ ਦੇ ਨਾਲ ਹੀ ਹੁਣ ਮਾਲਦੀਵਜ਼ ਦੇ ਲੋਕ ਵੀ ਲਕਸ਼ਦੀਪ ਬਾਰੇ ਸਭ ਤੋਂ ਵੱਧ ਖੋਜ ਕਰ ਰਹੇ ਹਨ। ਲਕਸ਼ਦੀਪ ਗੂਗਲ ’ਤੇ ਖੋਜਿਆ ਜਾਣ ਵਾਲਾ ਸਭ ਤੋਂ ਪਸੰਦੀਦਾ ਕੀਵਰਡ ਬਣ ਗਿਆ ਹੈ। ਲੋਕ ਲਕਸ਼ਦੀਪ ਦੀ ਸੁੰਦਰਤਾ ਅਤੇ ਉੱਥੋਂ ਦੇ ਸੈਰ-ਸਪਾਟੇ ਬਾਰੇ ਵੱਧ ਤੋਂ ਵੱਧ ਜਾਣਨਾ ਚਾਹੁੰਦੇ ਹਨ। ਇਸ ਨੂੰ ਭਾਰਤ ਵਿਰੋਧੀ ਨੇਤਾ ਅਤੇ ਮਾਲਦੀਵਜ਼ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਲਈ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ। ਜਦੋਂ ਮੋਦੀ ਲਕਸ਼ਦੀਪ ਦੌਰੇ ’ਤੇ ਗਏ ਸਨ ਤਾਂ ਮਾਲਦੀਵਜ਼ ਦੀ ਸੱਤਾਧਾਰੀ ਪਾਰਟੀ ਦੇ ਨੇਤਾ ਜ਼ਾਹਿਦ ਨੇ ਵੀ ਭਾਰਤ ਨੂੰ ਅਪਸ਼ਬਦ ਕਹੇ ਸਨ। ਮਾਲਦੀਵਜ਼ ਸੈਰ-ਸਪਾਟੇ ਲਈ ਸਭ ਤੋਂ ਪਸੰਦੀਦਾ ਸਥਾਨਾਂ ’ਚ ਇੱਕ ਹੈ। ਭਾਰਤ ਅਤੇ ਏਸ਼ੀਆ ਦੇ ਲੋਕ ਜ਼ਿਆਦਾਤਰ ਛੁੱਟੀਆਂ ਮਨਾਉਣ ਲਈ ਮਾਲਦੀਵਜ਼ ਜਾਂਦੇ ਹਨ। ਇਸ ਦੌਰਾਨ ਮਾਲਦੀਵਜ਼ ਦੀ ਸੱਤਾਧਾਰੀ ਪਾਰਟੀ ਦੇ ਮੈਂਬਰ ਜ਼ਾਹਿਦ ਰਮੀਜ਼ ਨੇ ਮੋਦੀ ਦੇ ਲਕਸ਼ਦੀਪ ਦੌਰੇ ਦਾ ਮਜ਼ਾਕ ਉਡਾਇਆ ਸੀ ਅਤੇ ਭਾਰਤੀਆਂ ਨੂੰ ਅਪਸ਼ਬਦ ਕਹੇ ਸਨ। ਮਾਲਦੀਵਜ਼ ਦੀ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੁਆਰਾ ਦੁਰਵਿਵਹਾਰ ਤੋਂ ਬਾਅਦ ਭਾਰਤ ਤੋਂ ਟੂਰ ਅਤੇ ਹੋਟਲਾਂ ਨੂੰ ਵੱਡੇ ਪੱਧਰ ’ਤੇ ਰੱਦ ਕਰਨ ਦੀ ਰਿਪੋਰਟ ਕੀਤੀ ਗਈ ਹੈ। ਜ਼ਾਹਿਦ ਨੇ ਪਹਿਲਾਂ ਭਾਰਤੀ ਨਾਗਰਿਕਤਾ ਦੀ ਮੰਗ ਵੀ ਕੀਤੀ ਸੀ। ਲਕਸ਼ਦੀਪ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦੇ ਮਾਸਟਰ ਸਟ੍ਰੋਕ ਤੋਂ ਬਾਅਦ ਮਾਲਦੀਵਜ਼ ਪੂਰੀ ਤਰ੍ਹਾਂ ਹੈਰਾਨ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਲ ਹੀ ’ਚ ਲਕਸ਼ਦੀਪ ਟਾਪੂਆਂ ਦੀ ਆਪਣੀ ਫ਼ੇਰੀ ਦੌਰਾਨ ਸਮੁੰਦਰ ਦੇ ਹੇਠਾਂ ਜੀਵਨ ਦੀ ਪੜਚੋਲ ਕਰਨ ਲਈ ਸਨੌਰਕਲਿੰਗ ਦਾ ਆਨੰਦ ਲਿਆ। ਮੋਦੀ ਨੇ ਸਮੁੰਦਰ ਦੇ ਹੇਠਾਂ ਜੀਵਨ ਦੀ ਪੜਚੋਲ ਕਰਨ ਦੀਆਂ ਤਸਵੀਰਾਂ X ’ਤੇ ਪੋਸਟ ਕੀਤੀਆਂ ਅਤੇ ਅਰਬ ਸਾਗਰ ’ਚ ਸਥਿਤ ਟਾਪੂਆਂ ’ਚ ਆਪਣੇ ਠਹਿਰਨ ਦਾ ਰੋਮਾਂਚਕ ਅਨੁਭਵ ਸਾਂਝਾ ਕੀਤਾ। ਉਨ੍ਹਾਂ ਨੇ ਲਿਖਿਆ, “ਜੋ ਲੋਕ ਰੋਮਾਂਚਕ ਅਨੁਭਵ ਚਾਹੁੰਦੇ ਹਨ, ਲਕਸ਼ਦੀਪ ਯਕੀਨੀ ਤੌਰ ’ਤੇ ਉਨ੍ਹਾਂ ਦੀ ਸੂਚੀ ’ਚ ਹੋਣਾ ਚਾਹੀਦਾ ਹੈ। ਆਪਣੇ ਠਹਿਰਨ ਦੇ ਦੌਰਾਨ ਮੈਂ ਸਨੌਰਕਲਿੰਗ ਦੀ ਕੋਸ਼ਿਸ਼ ਵੀ ਕੀਤੀ।”

ਸਨੌਰਕਲਿੰਗ ਇੱਕ ਪ੍ਰਸਿਧ ਗਤੀਵਿਧੀ ਹੈ ਜਿਸ ਵਿੱਚ ਤੁਸੀਂ ਸਮੁੰਦਰ ਦੀ ਸਤ੍ਹਾ ’ਤੇ ਤੈਰਦੇ ਹੋ ਅਤੇ ਉਸ ਦੇ ਹੇਠਲੇ ਸਮੁੰਦਰੀ ਜੀਵਨ ਦੀ ਪੜਚੋਲ ਕਰਦੇ ਹੋ। ਸਨੌਰਕਲਰ ਆਪਣੀ ਨਜ਼ਰ ਲਈ ਇੱਕ ਮਾਸਕ, ਸਾਹ ਲੈਣ ਲਈ ਇੱਕ ਸਨੌਰਕਲ, ਅਤੇ ਕਈ ਵਾਰ ਦਿਸ਼ਾ ਅਤੇ ਗਤੀ ਲਈ ਖੰਭ ਪਾਉਂਦੇ ਹਨ।

# ਜਾਪਾਨ ਦੇ ਸਾਬਕਾ ਮੰਤਰੀ ਵਲੋਂ ਕਰੋੜਾਂ ਦਾ ਸਿਆਸੀ ਚੰਦਾ ਘਪਲਾ

ਟੋਕੀਓ: ਜਾਪਾਨ ’ਚ ਇੱਕ ਵੱਡੇ ਸਿਆਸੀ ਚੰਦਾ (ਦਾਨ) ਘਪਲੇ ਦੇ ਸਬੰਧ ’ਚ ਸਰਕਾਰੀ ਵਕੀਲਾਂ ਨੇ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ। ਇਸ ਘਪਲੇ ਨੇ ਪ੍ਰਧਾਨ ਮੰਤਰੀ ਫ਼ੂਮਿਓ ਕਿਸ਼ੀਦਾ ਦੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਧਿਕਾਰੀਆਂ ਅਨੁਸਾਰ, ਟੋਕੀਓ ਜ਼ਿਲ੍ਹਾ ਸਰਕਾਰੀ ਵਕੀਲ ਆਫ਼ਿਸ ਨੇ ਸਾਬਕਾ ਉਪ ਸਿੱਖਿਆ ਮੰਤਰੀ ਯੋਸ਼ੀਤਾਕਾ ਇਕੇਦਾ ਨੂੰ ਸੱਤਾਧਾਰੀ ਲਿਬਰਲ ਡੈਮੋਕ੍ਰੈਟਿਕ ਪਾਰਟੀ ਅੰਦਰ ਉਸ ਦੇ ਗਰੁੱਪ ਤੋਂ ਚੰਦਾ ’ਚ ਘਪਲਾ ਕਰਨ ਦੇ ਸ਼ੱਕ ’ਚ ਗ੍ਰਿਫ਼ਤਾਰ ਕੀਤਾ ਹੈ। ਇਕੇਦਾ ਦੇ ਗਰੁੱਪ ਨੂੰ ਕਿਸ਼ੀਦਾ ਦੀ ਸੱਤਾਧਾਰੀ ਪਾਰਟੀ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਪ੍ਰਭਾਵਸ਼ਾਲੀ ਗਰੁੱਪ ਮੰਨਿਆ ਜਾਂਦਾ ਹੈ। ਪਹਿਲਾਂ ਇਸ ਗਰੁੱਪ ਦੀ ਅਗਵਾਈ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਕਰ ਰਹੇ ਸਨ। ਗਰੁੱਪ ’ਤੇ ਚੰਦੇ ਵਜੋਂ ਇਕੱਠੀ ਕੀਤੀ ਗਈ ਰਾਸ਼ੀ ’ਚ ਘਪਲਾ ਕਰਨ ਅਤੇ 600 ਮਿਲੀਅਨ ਯੈੱਨ (4.15 ਮਿਲੀਅਨ ਅਮਰੀਕੀ ਡਾਲਰ) ਤੋਂ ਵੱਧ ਦਾ ਲੇਖਾ-ਜੋਖਾ ਸਾਂਝਾ ਨਾ ਕਰਨ ਦਾ ਦੋਸ਼ ਹੈ। ਮੀਡੀਆ ਰਿਪੋਰਟਾਂ ’ਚ ਕਿਹਾ ਗਿਆ ਹੈ ਕਿ ਸਾਬਕਾ ਉਪ ਮੰਤਰੀ ’ਤੇ 4 ਕਰੋੜ ਯੈੱਨ (ਲਗਭਗ 276,500 ਅਮਰੀਕੀ ਡਾਲਰ) ਤੋਂ ਵੱਧ ਦੀ ਜਾਣਕਾਰੀ ਨਾ ਦੇਣ ਦਾ ਦੋਸ਼ ਹੈ। ਉਸ ਨੇ ਇਹ ਰਕਮ ਇੱਕ ਸਿਆਸੀ ਸਮਾਗਮ ਦੀ ਟਿਕਟ ਦੀ ਵਿੱਕਰੀ ਤੋਂ ਇਕੱਠੀ ਹੋਈ ਰਕਮ ’ਚ ਰਿਸ਼ਵਤ ਵਜੋਂ ਲਈ ਸੀ ਜੋ ਕਿ ਸਿਆਸੀ ਫ਼ੰਡ ਕੰਟਰੋਲ ਐਕਟ ਦੀ ਉਲੰਘਣਾ ਹੈ। ਉਸ ਨੂੰ ਕੱਢਣ ਦਾ ਫ਼ੈਸਲਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਦੁਹਰਾਇਆ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਫ਼ੰਡ ਇਕੱਠਾ ਕਰਨ ਬਾਰੇ ਨਿਯਮਾਂ ਨੂੰ ਸਖ਼ਤ ਕਰਨ ਲਈ ਇਸ ਹਫ਼ਤੇ ਦੇ ਅੰਤ ’ਚ ਇੱਕ ਮਾਹਿਰ ਕਮੇਟੀ ਬਣਾਉਣ ਦੀ ਯੋਜਨਾ ਬਣਾ ਰਹੇ ਹਨ।



# ॥ ਨਵੇਂ ਸਾਲ ਲਈ ਪ੍ਰਸਤਾਵ ॥

{New year proposal}



ਗੁਰਮੀਤ ਸਿੰਘ ਭੋਗਲ

ਸਮਾਪਤ ਹੋਣ ਜਾ ਰਿਹਾ ਹੈ ਇਹ ਯੁਗ! ਅਗਲੇ ਕੁੱਝ ਸਾਲਾਂ ਵਿੱਚ ਇੱਕ ਪੀੜ੍ਹੀ ਇਸ ਸੰਸਾਰ ਨੂੰ ਛੱਡ ਕੇ ਜਾਣ ਵਾਲੀ ਹੈ। 70/75 ਸਾਲਾਂ ਤੋਂ ਉੱਪਰ ਟੱਪੀ ਉਮਰ ਵਾਲੇ ਬਜ਼ੁੱਰਗ ਸਾਡੇ ਵੱਡਾਰੂ, ਸਾਨੂੰ ਸਦੀਵ ਵਿਛੋੜਾ ਦੇ ਕੇ ਰੁਖ਼ਸਤ ਹੋ ਜਾਣਗੇ।

ਇਸ ਪੀੜ੍ਹੀ ਦੇ ਲੋਕ ਬਿਲਕੁਲ ਅਲੱਗ ਹਨਃ ਰਾਤ ਨੂੰ ਜਲਦੀ ਸੌਣ ਵਾਲੇ। ਤੜਕਸਾਰ ਜਲਦੀ ਨੀਂਦ ਤੋਂ ਜਾਗਣ ਵਾਲੇ। ਸਵੇਰੇ ਸਾਝਰੇ ਬਾਹਰ ਪਾਰਕ ਵਿੱਚ ਘੁੰਮ ਫਿਰ ਕੇ ਸੈਰ ਕਰਨ ਵਾਲੇ। ਆਪਣੇ ਗਾਰਡਨ ਫੁੱਲਵਾੜੀ ਵਿੱਚ ਬੂਟਿਆਂ ਨੂੰ ਪਾਣੀ ਦੇਣ ਵਾਲੇ। ਦੇਵੀ ਦੇਵਤਿਆਂ ਦੀ ਪੂਜਾ ਕਰਨ ਲਈ ਫੁੱਲਵਾੜੀ ਵਿੱਚੋਂ ਫੁੱਲ ਤੋੜਨ ਵਾਲੇ। ਸਵੇਰੇ ਸਾਝਰੇ ਉੱਚੀ ਉੱਚੀ ਆਵਾਜ਼ ਵਿੱਚ ਜਾਪ ਪੂਜਾ ਪਾਠ ਕਰਨ ਵਾਲੇ। ਹਰ ਰੋਜ਼ ਮੰਦਰ ਗੁਰਦੁਆਰੇ ਵਿੱਚ ਮੱਥਾ ਟੇਕਣ ਜਾਣ ਵਾਲੇ। ਰਾਸਤੇ ਵਿੱਚ ਹਰ ਮਿਲਣ ਵਾਲੇ ਨਾਲ ਖ਼ੁਸ਼ ਹੋ ਕੇ ਗੱਲ ਬਾਤ ਕਰਨ ਵਾਲੇ। ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁੱਖ ਸਾਂਦ ਪੁੱਛਣ ਵਾਲੇ। ਸਿਰ ਝੁਕਾ ਕੇ ਤੇ ਦੋਨੋ ਹੱਥ ਜੋੜ ਕੇ ਬਨਿਮ੍ਰ ਸਤਿ ਸ੍ਰੀ ਅਕਾਲ, ਸਲਾਮ, ਰਾਮ ਰਾਮ, ਰਾਧੇ ਰਾਧੇ, ਜੈ ਕ੍ਰਿਸ਼ਨਾ ਉਚਾਰਨ ਤੇ ਜਾਂ ਪ੍ਰਨਾਮ ਕਰਨ ਵਾਲੇ। ਪਾਠ ਪੂਜਾ ਕੀਤਿਆਂ ਜਾਂ ਅਰਦਾਸ ਕੀਤੇ ਬਗੈਰ ਭੋਜਨ ਨਾ ਛੱਕਣ ਵਾਲੇ।

ਇਨ੍ਹਾਂ ਦਾ ਨਿਰਾਲਾ ਹੀ ਅਜੀਬ ਸੰਸਾਰ ਹੈ। ਘਰ ਵਿੱਚ ਅੰਨ੍ਹ ਪਾਣੀ, ਸਬਜ਼ੀ ਭਾਜੀ, ਲੂਣ ਤੇਲ ਲੱਕੜੀਆਂ ਦੀ ਚਿੰਤਾ, ਤੀਰਥ ਯਾਤ੍ਰਾ, ਧਰਮ ਅਸਥਾਨਾਂ ਦੇ ਦਰਸ਼ਨ, ਪੁਰਾਤਨ ਰੀਤੀ ਰਵਾਜਾਂ ਦੀ ਪਾਲਣਾ, ਸ਼ਰਧਾ ਪੂਰਬਕ ਸਨਾਤਨ ਧਰਮ ਦੇ ਇਰਦ ਗਿਰਦ ਘੁੰਮਣ ਵਾਲੇ।

ਪੁਰਾਣੇ ਫ਼ੋਨ ਨਾਲ ਮੋਹ, ਫ਼ੋਨ ਨੰਬਰਾਂ ਵਾਲੀ ਡਾਇਰੀ ਵਿੱਚ ਐਡਰੈੱਸ ਸੰਭਾਲਣ ਵਾਲੇ। ਰੌਂਗ ਨੰਬਰ ਕਰਨ ਵਾਲੇ ਵਿਅਕਤੀ ਨਾਲ ਵੀ ਮਿੱਠੀ ਗੱਲਬਾਤ ਕਰਨ ਵਾਲੇ। ਸਮਾਚਾਰ ਪੱਤ੍ਰ, ਰੋਜ਼ਾਨਾ-ਅਖ਼ਬਾਰ ਨੂੰ ਦਿਨ ਵਿੱਚ ਕਈ ਵਾਰ ਤੇ ਰੋਜ਼ ਪੜ੍ਹਨ ਵਾਲੇ। ਹਮੇਸ਼ਾ ਇਕਾਦਸੀ ਮੱਸਿਆ ਤੇ ਪੁੰਨਿਆ ਯਾਦ ਰੱਖਣ ਵਾਲੇ। ਅੱਲ੍ਹਾ ਰੱਬ ਭਗਵਾਨ ਤੇ ਪ੍ਰਚੰਡ ਭਰੋਸਾ ਰੱਖਣ ਵਾਲੇ। ਸਮਾਜ ਸਰਕਾਰ ਦੇ ਨਿਯਮਾਂ ਅਨੁਸਾਰ ਚੱਲਣ ਵਾਲੇ, ਪੁਰਾਣੀ ਚੱਪਲ, ਬੁਨੈਣ ਐਨਕਾਂ ਪਹਿਨੀ ਰੱਖਣ ਵਾਲੇ। ਗਰਮੀਆਂ ਵਿੱਚ ਅੱਚਾਰ ਪਾਪੱੜ ਬਨਾਉਣ ਵਾਲੇ। ਘਰ ਦਾ ਕੁੱਟਿਆ ਹੋਇਆ ਮਸਾਲਾ ਵਰਤਣ ਵਾਲੇ। ਹਮੇਸ਼ਾ ਤਾਜ਼ੇ ਟਮਾਟਰ, ਵੈਂਗਣ, ਮੇਥੀ, ਸਾਗ ਭਾਜੀ ਹਰਾ ਧੰਨੀਆ ਸਬਜ਼ੀ ਮੰਡੀ ਵਿੱਚ ਢੂੰਡਣ ਵਾਲੇ ਅਤੇ ਮੰਦੀ ਭੈੜੀ ਨਜ਼ਰ ਉੱਤਾਰਨ ਵਾਲੇ।

ਕੀ ਤੁਸੀਂ ਜਾਣਦੇ ਹੋ? ਕਿ ਅਜਿਹੇ ਸਭ ਲੋਕ ਸਾਡਾ ਸਾਥ ਹੌਲੀ ਹੌਲੀ ਛੱਡੀ ਜਾ ਰਹੇ ਹਨ? ਕੀ ਤੁਹਾਡੇ ਘਰ ਵਿੱਚ ਵੀ ਕੋਈ ਐਸਾ ਬੱਜ਼ੁਰਗ ਹੈ? ਜੇ ਹੈ ਤਾਂ ਉਸ ਦਾ ਬੇ-ਹੱਦ ਖ਼ਿਆਲ ਰੱਖਿਓ! ਕਿਉਂਕਿ ਸਾਡੇ ਹਿੱਤ ਵਿੱਚ ਉਨ੍ਹਾਂ ਦੀ ਲਾਮਿਸਾਲ ਲਾਭਦਾਇਕ ਤੇ ਕਲਿਆਣਕਾਰੀ ਉਹ ਸਿੱਖਿਆ ਉਨ੍ਹਾਂ ਦੇ ਨਾਲ ਹੀ ਚੱਲੇ ਜਾਏਗੀ।

ਉਹ ਸਿੱਖਿਆ ਹੈਃ ਸਾਦਾ ਪੂਰਨ ਸੁਖੱਲਾ ਜੀਵਨ, ਸਬਰ ਸਬੂਰੀ ਵਾਲਾ ਸੰਤੋਖੀ ਜੀਵਨ, ਪ੍ਰੇਰਣਾ ਦੇਣ ਵਾਲਾ ਜੀਵਨ, ਮਿਲਾਵਟ ਬਨਾਵਟ ਤੇ ਦਿਖਾਵਟ ਰਹਿਤ ਜੀਵਨ। ਚਾਨਣ ਮੁਨਾਰੇ ਵਾਂਗ ਧਰਮ ਦੇ ਰਾਹ ਤੇ ਚੱਲਣ ਚੱਲਾਉਣ ਵਾਲਾ ਜੀਵਨ, ਸਭ ਦੇ ਹਿੱਤ ਵਿੱਚ ਅਤੇ ਸਭ ਦੀ ਫਿਕਰ ਕਰਨ ਵਾਲਾ, ਸਰਬਤ ਦਾ ਭਲਾ ਮੰਗਣ ਵਾਲਾ, ਰੂਹਾਨੀ ਆਤਮਕ ਜੀਵਨ।

ਤੁਹਾਡੇ ਘਰ ਵਿੱਚ ਜੋ ਵੀ ਬੜੇ ਵੱਡਾਰੂ ਹੋਣ ਉਨ੍ਹਾਂ ਨੂੰ ਮਾਨ ਸੰਨਮਾਨ, ਆਪਣਾਪੰਨ, ਸਮਾਂ ਤੇ ਪਿਆਰ ਦਿਓ। ਅਤੇ ਹੋ ਸਕੇ ਉਨ੍ਹਾਂ ਦੇ ਕੁੱਝ ਵੱਚਨਾਂ ਅਨੁਸਾਰ ਚੱਲਣ ਦੀ ਕੋਸ਼ਿਸ਼ ਵੀ ਕਰਿਓ। ਸੰਸਕਾਰ ਹੀ ਅਪਰਾਧ ਰੋਕ ਸਕਦੇ ਹਨ। ਸਰਕਾਰ!... ਬਿਲਕੁਲ ਨਹੀਂ।

ਇਹ ਮਾਨਵ ਇਤਿਹਾਸ ਦੀ ਅੰਤਮ ਪੀੜ੍ਹੀ ਹੈ। ਜਿਸ ਨੇ ਆਪਣੇ ਵੱਡਾਰੂਆਂ ਦੀ ਸੁਣੀ ਹੈ ਅਤੇ ਹੁਣ ਆਪਣੇ ਛੋਟਿਆਂ ਦੀ ਵੀ ਸੁਣ ਰਹੇ ਹਨ। ਇਹੋ ਹਨ ਉਹ ਸੀਨੀਅਰ ਸਿਟੀਜ਼ਨ, ਸਾਡੇ ਵੱਡਾਰੂ ਮਹਾਂਪੁਰਖ ਬੱਜ਼ੁਰਗ ਪੂਜਨੀਕ ਇੱਸ ਧਰਤੀ ਦੇ ਦੇਵਤੇ ਲੋਕ।

ਕੀ ਚੰਗਾ ਹੋਵੇ! ਜੇ ਕਰ ਇਸ ਚੜ੍ਹ ਰਹੇ ਨਵੇਂ ਸਾਲ ਦੇ ਆਪਣੇ ਆਪਣੇ ਹੋਰ ਪ੍ਰਸਤਾਵਾਂ ਦੀ ਲਿਸਟ ਵਿੱਚ, ਆਉਣ ਵਾਲੇ ਕੁੱਝ ਸਾਲਾਂ ਵਿੱਚ ਰੁਖ਼ਸਤ ਹੋ ਰਹੀ ਆਪਣੀ ਇਸ ਵੱਡਾਰੂਆਂ ਦੀ ਪੀੜ੍ਹੀ ਦਾ ਵਿਸ਼ੇਸ਼ ਖਿਆਲ ਰੱਖਣਾ ਵੀ ਸ਼ਾਮਿਲ ਕਰ ਲਈਏ!

ਐਸਾ ਕਰਨਾ ਨਾ ਕੇਵਲ ਉਨ੍ਹਾਂ ਪ੍ਰਾਹੁਣੇ ਬੱਜ਼ੁਰਗਾਂ ਦੇ ਹਿੱਤ ਵਿੱਚ ਹੋਵੇਗਾ, ਸਗੋਂ ਸਾਡੇ ਵੀ ਇਹ ਬੜੇ ਹਿੱਤ ਦੀ ਗੱਲ ਹੈ। ਤਾਂ ਜੋ ਆਉਣ ਵਾਲੀ ਪੀੜ੍ਹੀ, ਸਾਡੀ ਪੀੜ੍ਹੀ ਦਾ ਵੀ ਉਸੇ ਤਰ੍ਹਾਂ ਹੀ ਖਿਆਲ ਰੱਖੇ।

ਬੱਚਪਨ ਵਿੱਚ ਮੈਨੂੰ ਮੇਰੀ ਬੀਬੀ ਮਾਂ ਜੀ ਨੇ ਇੱਕ ਸਾਦ-ਮੁਰਾਦੀ ਪਰ ਪੂਰਨ ਫੱਲਦਾਇਕ ਕਹਾਣੀ ਸੁਣਾਈ ਸੀ। ਸ਼ਾਇਦ ਤੁਸੀਂ ਵੀ ਇਹ ਕਹਾਣੀ ਜ਼ਰੂਰ ਸੁਣ ਰੱਖੀ ਹੋਵੇਗੀ।

ਬੀਬੀ ਜੀ ਨੇ ਕਹਾਣੀ ਸੁਣਾਈਃ ਇੱਕ ਬੁੱਢਾ ਬਾਪ ਆਪਣੀ ਹਰ ਇੱਕ ਨਿੱਜੀ ਲੋੜ ਲਈ ਆਪਣੇ ਪੁੱਤ ਤੇ ਨਿਰਭਰ ਹੋ ਗਿਆ। ਪੁੱਤ ਤੋਂ ਵੀ ਆਪਣੇ ਬਾਪ ਦਾ ਭਾਰ ਸੰਭਾਲਣਾ ਅਸੰਭਵ ਬਣ ਗਿਆ। ਪੁੱਤ ਨੇ ਆਪਣੇ ਬਾਪ ਨੂੰ ਆਪਣੀ ਘਨੇੜੀ ਚੁੱਕ ਕੇ ਕਿਸੇ ਡੂੰਘੇ ਪਾਣੀ ਵਾਲੀ ਥਾਂ ਤੇ ਸੁੱਟਣ ਦਾ ਪੱਕਾ ਇਰਾਦਾ ਬਣਾ ਲਿਆ।

ਜਿਸ ਥਾਂ ਤੇ ਜਦ ਉਹ ਪੁੱਤ ਪਿਓ ਨੂੰ ਸੱਚ ਮੁੱਚ ਹੀ ਪਾਣੀ ਵਿੱਚ ਸੁੱਟਣ ਲੱਗਾ ਸੀ, ਉਸੇ ਵੇਲੇ ਪਿਓ ਪੁੱਤ ਨੂੰ ਕਹਿਣ ਲੱਗਾ, ਬੇਟਾ! ਮੈਨੂੰ ਜ਼ਰਾ ਹੋਰ ਪਰ੍ਹੇ ਕਰ ਕੇ ਸੁੱਟੀਂ ਕਿਉਂਕਿ ਇਸ ਥਾਂ ਤੇ ਤਾਂ ਮੈਂ ਆਪਣੇ ਬਾਪ ਨੂੰ ਸੁੱਟਿਆ ਸੀ। ਇਹ ਸੁਣ ਕੇ ਪੁੱਤ ਦੀ ਜਿਵੇਂ ਜ਼ਮੀਰ ਜਾਗ ਪਈ। ਜਿਵੇਂ ਉਸ ਦੇ ਮਨ ਦੇ ਕੁਵਾੜ ਖੁਲ੍ਹ ਗਏ ਹੋਣ!

ਨਜ਼ਦੀਕ ਵਾਲੇ ਪਿੰਡ ਵਿੱਚ ਲੱਗੇ ਲਾਊਡ ਸਪੀਕਰ ਤੋਂ ਬੜੀ ਮਧੁਰ ਆਵਾਜ਼ ਵਿੱਚ ਕਿਸੇ ਰਸੀਲੇ ਗਾਇਕ ਦੀ ਆਵਾਜ਼ ਆ ਰਹੀ ਸੀ

ਵਿਆਹ ਕਰਵਾ ਕੇ ਧੀਆਂ ਨੇ, ਸਹੁਰੇ ਤੁਰ ਜਾਣਾ ਏਂ,

ਫੇਰ ਮਾਪੇ ਕੌਣ ਸੰਭਾਲੂ? ਜੇ ਪੁੱਤ ਵੀ ਛੱਡ ਜਾਣਗੇ!!

ਪੁੱਤ੍ਰ ਨੇ ਸੋਚਿਆ ਜੇ ਕਰ ਮੈਂ ਆਪਣੇ ਪਿਓ ਨੂੰ ਅੱਜ ਸੁੱਟਾਂਗਾ ਤਾਂ ਮੇਰਾ ਬੇਟਾ ਵੀ, ਮੈਨੂੰ ਬੁੱਢੇ ਹੋਏ ਨੂੰ ਇਸੇ ਤਰ੍ਹਾਂ ਜ਼ਰੂਰ ਸੁੱਟੇਗਾ।

ਕਹਿੰਦੇ ਹਨ, ਉਹ ਸਪੁੱਤ੍ਰ ਆਪਣੇ ਪਿਤਾ ਜੀ ਨੂੰ ਖ਼ੁਸ਼ੀ ਖ਼ੁਸ਼ੀ ਘਰ ਵਾਪਸ ਲੈ ਆਇਆ। ਪਿਓ ਦੀ ਸੰਸਾਰ ਤੋਂ ਸਦੀਵ ਰੁਖ਼ਸਤੀ ਦਾ ਸੱਦਾ ਆਉਣ ਸਮੇਂ ਤਕ, ਬੇਟੇ ਨੇ ਆਪਣੇ ਬਾਪ ਦੀ ਦਿਲ ਲਾ ਕੇ ਤਨ ਮਨ ਨਾਲ ਚੰਗੀ ਭਾਂਤ ਟਹਿਲ ਸੇਵਾ ਕੀਤੀ। ਸੁਣਨ ਵਿੱਚ ਇਹ ਵੀ ਆਇਆ ਕਿ ਸਮੇਂ ਉਪ੍ਰੰਤ, ਉਸ ਦੇ ਪੁੱਤ੍ਰ ਨੇ ਆਪਣੇ ਬੱਜ਼ੁਰਗ ਬਾਪ ਦੀ ਵੀ ਉਨ੍ਹੀਂ ਟਹਿਲ ਸੇਵਾ ਕੀਤੀ ਸੀ, ਜਿਨ੍ਹੀਂ ਉਸ ਦੇ ਬਾਬ ਦੀ ਹੋਈ।

ਗੁਰੂ ਭਾਵੇ! ਧਰਤੀ ਮਾਤਾ ਤੇ ਵਸ ਰਹੇ ਜੇ ਕਰ ਸਮੂਹ ਮਨੁੱਖਾਂ ਦੀ ਹਰ ਪੀੜ੍ਹੀ ਨੂੰ ਵੀ ਅਜਿਹੀ ਸੋਝੀ ਆ ਜਾਵੇ ਤਾਂ ਇਸੇ ਧਰਤੀ ਉੱਤੇ ਹੀ ਸਵੱਰਗ ਕਾਇਮ ਹੋ ਜਾਵੇ!

ਨਵੇਂ ਸਾਲ ਦੇ ਤੁਹਾਡੇ ਇਸ ਪ੍ਰਸਤਾਵ ਦੀ ਪੂਰਤੀ ਲਈ ਇਸ ਦਸ਼ਾ ਵਲ, ਅੱਜ ਤੇ ਇਸੇ ਵੇਲੇ ਚੁੱਕਿਆ ਤੁਹਾਡਾ ਪਹਿਲਾ ਤੇ ਹਰ ਕਦਮ ਤੁਹਾਨੂੰ ਸਹੀ ਮੰਜ਼ਿਲ ਵਲ ਅਵੱਸ਼ ਲੈ ਜਾਏਗਾ।

ਬ੍ਰਕਤਾਂ ਭਰਪੂਰ, ਭਲੀ ਭੂਤ ਮੁਬਾਰਕ ਹੋਵੇ ਤੁਹਾਨੂੰਃ- ਨਵਾਂ ਸਾਲ 2024॥

# ਪੰਜਾਬ 'ਚ ਸਿਆਸੀ ਧਿਰਾਂ ਨੇ ਲੋਕ ਸਭਾ ਚੋਣਾਂ ਲਈ ਕੱਸੀ ਕਮਰ

ਚੰਡੀਗੜ੍ਹ: ਪੰਜਾਬ 'ਚ ਲੋਕ ਸਭਾ ਚੋਣਾਂ ਨੇੜੇ ਆਉਣ ਦੇ ਨਾਲ-ਨਾਲ ਸਾਰੀਆਂ ਹੀ ਸਿਆਸੀ ਧਿਰਾਂ ਨੇ ਆਪੋ-ਆਪਣੀਆਂ ਰਾਜਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸੂਬੇ 'ਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਲੋਂ ਵੀ ਵੱਖ-ਵੱਖ ਥਾਵਾਂ 'ਤੇ ਸਮਾਗਮ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸਾਰੀਆਂ ਸਿਆਸੀ ਧਿਰਾਂ ਦੇ ਵਰਕਰਾਂ ਵਲੋਂ ਆਪੋ-ਆਪਣੇ ਹਲਕਿਆਂ 'ਚ ਪੋਸਟਰਾਂ ਦੇ ਫ਼ਲੈਕਸਾਂ ਰਾਹੀ ਆਪਣੀ ਪ੍ਰਚਾਰ ਮੁਹਿੰਮ ਵੀ ਭਖਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਨੂੰ ਤਿੰਨ ਕੁ ਮਹੀਨੇ ਦਾ ਸਮਾਂ ਰਹਿ ਗਿਆ ਹੈ। ਇਨ੍ਹਾਂ ਚੋਣਾਂ ਨੂੰ ਸਾਰੀਆਂ ਸਿਆਸੀ ਧਿਰਾਂ ਵਲੋਂ ਆਪਣੇ ਸਿਆਸੀ ਵੱਕਾਰ ਨੂੰ ਬਚਾਉਣ ਲਈ ਚੋਣ ਮੈਦਾਨ 'ਚ ਉੱਤਰਿਆ ਜਾ ਰਿਹਾ ਹੈ। ਕੌਮੀ ਪੱਧਰ 'ਤੇ ਇੰਡੀਆ ਗੱਠਜੋੜ ਵਲੋਂ ਸੀਟਾਂ ਦੀ ਵੰਡ 'ਤੇ ਚਰਚਾ ਕੀਤੀ ਜਾ ਰਹੀ ਹੈ, ਉਧਰ ਪੰਜਾਬ 'ਚ ਆਪ ਤੇ ਕਾਂਗਰਸ ਦੇ ਆਗੂ ਆਪਣੇ ਦਮ 'ਤੇ ਚੋਣਾਂ ਲੜਨ ਦੇ ਦਾਅਵੇ ਕਰ ਰਹੇ ਹਨ। ਸੂਬੇ ਦੀ ਸੱਤਾ 'ਤੇ ਕਾਬਜ਼ ਆਪ ਲਈ ਲੋਕ ਸਭਾ ਚੋਣਾਂ ਬਹੁਤ ਅਹਿਮ ਹਨ। ਇਸੇ ਕਰ ਕੇ ਆਮ ਆਦਮੀ ਪਾਰਟੀ ਵਲੋਂ ਚੋਣਾਂ 'ਚ ਕੀਤੇ ਵਾਅਦਿਆਂ ਨੂੰ ਜਲਦ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਪ ਵਲੋਂ ਸੂਬੇ ਦੇ ਸਾਰੇ ਲੋਕ ਸਭਾ ਹਲਕਿਆਂ 'ਚ ਚੋਣ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਜਿੱਥੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਪਹੁੰਚ ਰਹੇ ਹਨ। ਇਨ੍ਹਾਂ ਰੈਲੀਆਂ ਰਾਹੀ ਲੋਕਾਂ ਨੂੰ ਨਵੇਂ-ਨਵੇਂ ਤੋਹਫ਼ੇ ਦਿੱਤੇ ਜਾ ਰਹੇ ਹਨ ਅਤੇ ਨਾਲ ਹੀ ਪਾਰਟੀ ਵਲੋਂ ਕੀਤੇ ਕੰਮਾਂ ਨੂੰ ਲੋਕਾਂ ਤਕ ਪਹੁੰਚਾਇਆ ਜਾ ਰਿਹਾ ਹੈ।



ਦੂਜੇ ਪਾਸੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਹੋਰਨਾਂ ਸਿਆਸੀ ਆਗੂਆਂ ਵਲੋਂ ਵੀ ਲੋਕ ਸਭਾ ਚੋਣਾਂ ਨੂੰ ਲੈ ਕੇ ਰਣਨੀਤੀ ਉਲੀਕੀ ਜਾ ਰਹੀ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਸੂਬਾਈ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਵੱਖਰੇ ਤੌਰ 'ਤੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਰੈਲੀਆਂ ਕਰ ਕੇ ਕਾਂਗਰਸੀ ਆਗੂਆਂ 'ਚ ਕੁੜੱਤਨ ਵੀ ਪੈਦਾ ਹੁੰਦੀ ਦਿਖਾਈ ਦੇ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਵੀ ਜਨਤਕ ਸਮਾਗਮ ਕੀਤੇ ਜਾ ਰਹੇ ਹਨ, ਅਤੇ ਭਾਜਪਾ ਨੂੰ ਸੂਬੇ 'ਚ ਮਜ਼ਬੂਤ ਕਰਨ ਲਈ ਪ੍ਰਧਾਨ ਸੁਨੀਲ ਜਾਖੜ ਵਲੋਂ ਵੀ ਜਨਤਕ ਸਮਾਗਮ ਕੀਤੇ ਜਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ 'ਚ ਆਪਣੀ ਸਿਆਸੀ ਜ਼ਮੀਨ ਤਿਆਰ ਕਰਨ ਦੀ ਤਲਾਸ਼ 'ਚ 1 ਫ਼ਰਵਰੀ ਨੂੰ ਪੰਜਾਬ ਬਚਾਓ ਯਾਤਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਯਾਤਰਾ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤਕ ਪਹੁੰਚ ਕਰੇਗੀ। ਇਸ ਯਾਤਰਾ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਲੋਂ ਪੰਜਾਬ ਭਰ 'ਚ ਪਾਰਟੀ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਜੋ ਯਾਤਰਾ ਨੂੰ ਮਜ਼ਬੂਤੀ ਨਾਲ ਕੱਢਿਆ ਜਾ ਸਕੇ।

# ਟਰੱਕਿੰਗ ਐ ਜੀ



ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781 11445

ਸਾਡਾ ਆਮ ਸੁਭਾਅ ਹੈ ਕਿ ਅਸੀਂ "ਕਣਕ ਖੇਤ ਵਿੱਚ ਕੁੜੀ ਪੇਟ ਵਿੱਚ ਆ ਜਵਾਈਆ ਮੰਡੇ ਖਾਹ" ਦੀ ਪ੍ਰਵਿਰਤੀ ਵਿੱਚ ਜੀਉਂਦੇ ਹਾਂ। ਬੱਚੇ ਨੂੰ ਜੰਮਣ ਤੋਂ ਪਹਿਲਾ ਹੀ ਉਸ ਦੀ ਪੜ੍ਹਾਈ ਲਿਖਾਈ ਅਤੇ ਵਿਕਾਸ ਬਾਰੇ ਸੋਚਣ ਲੱਗ ਪੈਂਦੇ ਹਾਂ। ਬੱਚੇ ਲਈ ਮਾਂ-ਪਿਓ ਹਰ ਤਰੀਕਾ ਵਰਤ ਕੇ ਉਸ ਨੂੰ ਆਤਮ ਨਿਰਭਰ ਅਤੇ ਖੁਸ਼ਹਾਲ ਬਣਾਉਂਦੇ ਹਨ। ਬਿਰਧ ਅਵਸਥਾ ਤੱਕ ਬੱਚੇ ਤੋਂ ਵੱਡੀਆਂ ਆਸਾਂ ਲਾ ਲੈਂਦੇ ਹਨ। ਬੱਚੇ ਦਾ ਸਮਾਜੀਕਰਨ ਪਹਿਲੀ ਕਿਲਕਾਰੀ ਤੋਂ ਸ਼ੁਰੂ ਹੋ ਜਾਂਦਾ ਹੈ। ਜਿਸ ਵਿੱਚ ਅਸੀਂ ਬੱਚੇ ਤੋਂ ਬਹੁਤ ਵੱਡੀਆਂ ਆਸਾਂ ਅਤੇ ਪੜ੍ਹ ਲਿਖਕੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਚਾਰਟਰ ਅਕਾਊਂਟੈਂਟ ਬਣਾਉਣ ਦੀਆਂ ਗੋਂਦਾ-ਗੂੰਦਣ ਲੱਗ ਪੈਂਦੇ ਹਾਂ। ਇਸੇ ਆਸ ਵਿੱਚ ਮਾਂ-ਪਿਓ ਬੁੱਢੇ ਹੋ ਜਾਂਦੇ ਹਨ ਅਤੇ ਬੱਚੇ ਜਵਾਨੀ ਦੀ ਦਹਿਲੀਜ਼ ਪਾਰ ਕਰ ਦਿੰਦੇ ਹਨ।

ਬੱਚੇ ਦੀ ਮਾਨਸਿਕਤਾ ਕੀ ਹੈ? ਇਸ ਬਾਰੇ ਮਾਂ-ਪਿਓ ਤਕਰੀਬਨ ਅਨਜਾਣ ਹੀ ਹੁੰਦੇ ਹਨ। ਇਸ ਦੇ ਨਾਲ ਆਲੇ-ਦੁਆਲੇ ਦਾ ਦਾਇਰਾ ਵੀ ਉਸੇ ਤਰ੍ਹਾਂ ਬੱਚੇ ਨੂੰ ਪੜ੍ਹਦਾ ਲਿਖਦਾ ਦੇਖਕੇ ਉਸ ਤੋਂ ਕੁੱਝ ਬਣਨ ਦੀ ਆਸ ਲਗਾ ਲੈਂਦੇ ਹਨ। ਮਰਜ਼ੀ ਬੱਚੇ ਉੱਤੇ ਥੋਪੀ ਜਾਂਦੀ ਹੈ ਜੋ ਕਿ ਭਾਰੂ ਵੀ ਪੈ ਜਾਂਦੀ ਹੈ। ਕਈ ਵਾਰ ਸਾਡੀਆਂ ਆਸਾਂ ਬੱਚੇ ਨੂੰ ਦਿਸ਼ਾਹੀਣ ਕਰ ਦਿੰਦੀਆਂ ਹਨ। ਅੱਜ ਬੱਚੇ ਨੂੰ ਪਲੱਸ ਟੂ ਕਰਵਾਕੇ ਵੱਡੇ-ਵੱਡੇ ਟੈਸਟ ਪਾਸ ਕਰਵਾਉਣ ਦਾ ਰਿਵਾਜ਼ ਹੀ ਪਿਆ ਹੋਇਆ ਹੈ। ਇਸ ਵਿੱਚ ਸਾਰੇ ਬੱਚੇ ਇਕੋ ਜਿਹੇ ਨਹੀਂ ਹੁੰਦੇ ਅੱਜ ਇਹ ਟੈਸਟ ਪਾਸ ਕਰਨ ਤੋਂ ਬਾਅਦ ਵੀ ਰੁਜਗਾਰ ਦੀ ਕੋਈ ਗਰੰਟੀ ਨਹੀਂ ਹੈ। ਮਾਂ-ਪਿਓ ਫਰਜ਼ ਨਿਭਾਉਣ ਲਈ ਵੱਡੀਆਂ ਰਕਮਾਂ ਖਰਚ ਕਰਕੇ ਵੱਡੇ-ਵੱਡੇ ਕੋਰਸ ਕਰਵਾ ਵੀ ਲੈਂਦੇ ਹਨ ਪਰ ਰੁਜ਼ਗਾਰ ਮੁੱਖੀ ਪਰਨਾਲਾ ਉੱਥੇ ਹੀ ਰਹਿੰਦਾ ਹੈ।

ਸਾਡੇ ਸਮਾਜ ਵਿੱਚ ਸਰਕਾਰੀ ਨੌਕਰੀ ਦੇ ਮੁਕਾਬਲੇ ਡਰਾਇਵਰੀ ਨੂੰ ਘਟੀਆ ਸਮਝਿਆ ਜਾਂਦਾ ਹੈ ਪਰ ਇਹ ਕਿੱਤਾ ਵੀ ਬਾਕੀ ਕਿੱਤਿਆਂ ਤੋਂ ਘੱਟ ਨਹੀਂ ਹੈ। ਡਰਾਇਵਰੀ ਵੀ ਕਿਸੇ ਨੇ ਕਰਨੀ ਹੀ ਹੈ। ਹਰ ਮਾਂ-ਪਿਓ ਬੱਚੇ ਨੂੰ ਡਰਾਇਵਰ ਤੋਂ ਬਿਨਾਂ ਹੋਰ ਸਭ ਕੁੱਝ ਕਰਵਾਉਣ ਲਈ ਰਾਜ਼ੀ ਹੋ ਜਾਂਦਾ ਹੈ ਪਰ ਡਰਾਇਵਰੀ ਪ੍ਰਤੀ ਰੁਚੀ ਵਾਲੇ ਬੱਚੇ ਦੀ ਪਹਿਚਾਣ ਹੀ ਨਹੀਂ ਕੀਤੀ ਜਾਂਦੀ। ਦੂਜੇ ਦੇ ਬੱਚੇ ਨਾਲ ਤੁਲਨਾ ਕਰਨੀ ਸਾਡੀ ਆਮ ਆਦਤ ਹੈ। ਪੜ੍ਹਾਈ ਤੋਂ ਪਰੇ ਵੀ ਕੋਈ ਦੁਨੀਆਂ ਹੈ, ਇਸ ਵਿਸ਼ੇ ਤੋਂ ਬੱਚੇ ਦੀ ਕੀਮਤ ਤੇ ਅਸੀਂ ਬਿਲਕੁੱਲ ਕੋਰੇ ਹੁੰਦੇ ਹਾਂ। ਆਖਿਰ ਗੱਲ ਇੱਥੇ ਮੁੱਕ ਜਾਂਦੀ ਹੈ ਕਿ ਬੱਚਾ ਚੰਗਾ ਪੜ੍ਹ ਲਿਖਕੇ ਚੰਗੀ ਨੌਕਰੀ ਲਵੇ। ਇਸ ਤੋਂ ਇਲਾਵਾ ਬੱਚੇ ਦੇ ਆਲੇ-ਦੁਆਲੇ ਸਮਾਜਿਕ ਘੇਰਾ ਵੀ ਉਸ ਦੀ ਪੜ੍ਹਾਈ ਅਨੁਸਾਰ ਵੱਡਾ ਬਣਨ ਦੀ ਆਸ ਲਗਾ ਲੈਂਦਾ ਹੈ, ਪਰ ਇਹ ਗੱਲ ਹਕੀਕਤ ਤੋਂ ਕੋਹਾਂ ਦੂਰ ਸਾਬਿਤ ਹੁੰਦੀ ਹੈ।

ਮੇਰੇ ਸਮਾਜਿਕ ਦਾਇਰੇ ਵਿੱਚ ਇੱਕ ਵਧੀਆ ਨੌਕਰੀ ਕਰਦਾ ਜੋੜਾ ਹੈ, ਉਹਨਾਂ ਨਾਲ ਮੇਰੇ ਨਿੱਜੀ ਸਬੰਧ ਹਨ। ਉਹਨਾਂ ਦੇ ਬੱਚੇ ਉੱਚ ਕੋਟੀ ਦੀ ਵਿਦਿਆ ਪ੍ਰਾਪਤ ਕਰ ਗਏ। ਸਮਾਜ ਵੱਲੋਂ ਉਹਨਾਂ ਲਈ ਵੀ ਉਹੀ ਰਟ-ਰਟਾਈ ਸ਼ੁਰੂ ਹੋ ਗਈ। ਬੱਚੇ ਨੂੰ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਜਦੋਂ ਇੱਥੇ ਰੁਜਗਾਰ ਨਾ ਮਿਲਿਆ ਤਾਂ ਉਸ ਵੱਲੋਂ ਵੀ ਉੱਚੇਰੀ ਪੜ੍ਹਾਈ ਲਈ ਕੈਨੇਡਾ ਦਾ ਰੁੱਖ ਕੀਤਾ ਗਿਆ। ਮੇਰੇ ਮਨ ਵਿੱਚ ਆਈ ਕਿ ਬੱਚਾ ਉੱਥੋਂ ਵਿਦਿਆ ਪ੍ਰਾਪਤ ਕਰਕੇ ਬਹੁਤ ਚੰਗਾ ਕਰੇਗਾ। ਸਮਾਂ ਬੀਤਿਆ ਤਾਂ ਇੱਕ ਦਿਨ ਉਹ ਬੱਚਾ ਬਾਜ਼ਾਰ ਵਿੱਚ ਮੇਰੇ ਪੈਰੀਂ ਹੱਥ ਲਗਾਕੇ ਮੈਨੂੰ ਮਿਲਿਆ। ਮੇਰੀ ਮਾਨਸਿਕ ਫਿਰਕੀ ਉਸ ਦੀ ਕੈਨੇਡਾ ਵਿਚਲੀ ਵੱਡੀ ਪੜ੍ਹਾਈ ਅਤੇ ਉੱਚ ਨੌਕਰੀ ਵੱਲ ਗਈ। ਮੈਂ ਉਸ ਨੂੰ ਤੁਰੰਤ ਪੁੱਛਿਆ ਕਿ ਹੁਣ ਕੈਨੇਡਾ ਵਿੱਚ ਪੜ੍ਹਾਈ ਖਤਮ ਹੋਣ ਤੋਂ ਬਾਅਦ ਤੁਹਾਡਾ ਕੰਮ ਕਿੱਤਾ ਕੀ ਹੈ? ਉੱਤਰ ਮਿਲਿਆ "ਟਰੱਕਿੰਗ ਐ ਜੀ" ਇਹ ਸ਼ਬਦ ਸੁਣਕੇ ਮੈਨੂੰ ਲੱਗਿਆ ਕਿ ਕਿਸੇ ਵੱਡੀ ਕੰਪਨੀ ਨਾਲ ਸੰਬੰਧਿਤ ਹੈ। ਕੁੱਝ ਸਮਾਂ ਮੈਂ ਡੌਰ-ਭੌਰ ਰਿਹਾ। ਆਖਿਰ ਮੈਂ ਪੁੱਛ ਹੀ ਲਿਆ ਕਿ ਟਰੱਕਿੰਗ ਕੀ ਹੁੰਦੀ ਹੈ? ਉਸ ਵੱਲੋਂ ਉੱਤਰ ਮਿਲਿਆ ਅੱਜ ਕੱਲ ਮੈਂ ਟਰੱਕ ਚਲਾਉਂਦਾ ਹਾਂ।

ਇਹ ਸੁਣ ਕੇ ਮੈਂ ਉਸ ਨੂੰ ਇਕ ਪ੍ਰਚਲਿਤ ਕਹਾਵਤ ਸੁਣਾਈ। ਕਿਹਾ ਕਾਕਾ ਜੀ "ਇਕ ਵਕੀਲ ਕੋਲ ਇਕ ਗ੍ਰਾਹਕ ਗਿਆ ਉਸ ਵੱਲੋਂ ਵਕੀਲ ਦੀ ਫੀਸ ਪੁੱਛੀ ਗਈ। ਵਕੀਲ ਵੱਲੋਂ ਉਸ ਨੂੰ ਆਪਣੀ ਫੀਸ ਦਸ ਹਜ਼ਾਰ ਦੱਸੀ। ਗ੍ਰਾਹਕ ਦੀ ਮਾਨਸਿਕਤਾ ਮਾ-ਪਿਓ ਵਰਗੀ ਹੀ ਸੀ ਕਿ ਦਸ ਹਜ਼ਾਰ ਵਾਲਾ ਵਧੀਆ ਵਕੀਲ ਨਹੀਂ ਹੋਵੇਗਾ। ਉਹ ਕਿਸੇ ਦੂਸਰੇ ਵਕੀਲ ਕੋਲ ਗਿਆ। ਉਸ ਨੇ ਉਸ ਨੂੰ ਪੰਜਾਹ ਹਜ਼ਾਰ ਫੀਸ ਦੱਸੀ। ਤੁਰੰਤ ਵਕੀਲ ਕਰ ਲਿਆ। ਕੇਸ ਚੱਲਿਆ ਕੁੱਝ ਸਮੇਂ ਬਾਅਦ ਉਸੀ ਗ੍ਰਾਹਕ ਨੂੰ ਸਜ਼ਾ ਹੋ ਗਈ। ਕਚਹਿਰੀ ਵਿੱਚ ਦਸ ਹਜ਼ਾਰ ਵਾਲੇ ਵਕੀਲ ਨੇ ਉਸ ਗ੍ਰਾਹਕ ਨੂੰ ਪੁੱਛਿਆ ਤੁਹਾਡੇ ਕੇਸ ਦਾ ਕੀ ਬਣਿਆ? ਗ੍ਰਾਹਕ ਨੇ ਉੱਤਰ ਦਿੱਤਾ ਜੀ ਸਜ਼ਾ ਹੋ ਗਈ। ਦਸ ਹਜ਼ਾਰੀ ਵਕੀਲ ਨੇ ਝੱਟ-ਪੱਟ ਉਸ ਗ੍ਰਾਹਕ ਨੂੰ ਕਿਹਾ ਇਹ ਕੰਮ ਤਾਂ ਮੈਂ ਦਸ ਹਜ਼ਾਰ ਵਿੱਚ ਕਰਵਾ ਦੇਣਾ ਸੀ।" ਇਹ ਕਹਾਵਤ ਉਸ ਬੱਚੇ ਨੂੰ ਸੁਣਾਕੇ ਕਿਹਾ ਕਿ ਟਰੱਕਿੰਗ ਲਈ ਤਾਂ ਪਲੱਸ ਟੂ ਤੋਂ ਬਾਅਦ ਚਲਾ ਜਾਣਾ ਸੀ। ਮਾਂ-ਪਿਓ ਦੇ ਲੱਖਾਂ ਰੁਪਏ ਪੜ੍ਹਾਈ ਅਤੇ ਕੈਨੇਡਾ ਲਈ ਖਰਚ ਕਰਾਏ ਕਿਸ ਖਾਤੇ ਪਏ? ਇਹ ਗੱਲਾ ਬਾਤਾਂ ਤੋਂ ਬਾਅਦ ਮੈਂ ਆਪਣੇ ਆਪ ਵਿੱਚ ਗੁਆਚ ਕੇ ਉਸ ਬੱਚੇ ਨੂੰ ਬੇਕਸੂਰ ਅਤੇ ਬੁੱਧੀਮਾਨ ਬੱਚਾ ਸਮਝਿਆ ਜੋ ਅਸਲੀਅਤ ਵੀ ਹੈ। ਪਰ ਸਾਡੇ ਇੱਥੇ ਦੇ ਤਾਣੇ-ਬਾਣੇ ਅਤੇ ਬੱਚਿਆਂ ਦੇ ਭੱਵਿਖ ਬਾਰੇ ਸੋਚਣ ਲਈ ਮਜਬੂਰ ਹੋ ਗਿਆ।

# ਮਾਹਿਲਪੁਰ: ਜਿੱਥੇ ਚੀਨੀ ਯਾਤਰੀ ਹਿਊਨਸਾਂਗ ਆਇਆ ਸੀ












- ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
(Punjab Mail USA)


ਸ਼ਿਵਾਲਿਕ ਦੀਆਂ ਸੁੰਦਰ ਪਹਾੜੀਆਂ ਦੇ ਪੈਰਾਂ ਵਿਚ ਵਸਦਾ ਕਸਬਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਇਕ ਇਤਿਹਾਸਕ ਨਗਰ ਹੈ, ਜੋ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਨੂੰ ਜਾਂਦੇ ਸ਼ਾਹ ਰਾਹ 'ਤੇ ਦੱਖਣ ਵੱਲ 22 ਕਿਲੋਮੀਟਰ ਦੀ ਦੂਰੀ 'ਤੇ ਗੜ੍ਹਸ਼ੰਕਰ ਤਹਿਸੀਲ ਵਿਚ ਵਾਕਿਆ ਹੈ। ਇਤਿਹਾਸਕ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਇਹ ਪਿੰਡ ਮਹਾਰਾਜਾ ਹਰਸ਼ਵਰਧਨ ਦੇ ਵਡੇਰਿਆਂ ਦਾ ਪਿੰਡ ਹੈ, ਜਿਨ੍ਹਾਂ ਨੇ ਲਗਭਗ 400 ਈਸਵੀ ਵਿਚ ਬੈਂਸ ਬੰਸੀ ਪੁਸ਼ਪ ਭੂਤੀ ਨੇ ਆਪਣੇ ਵੰਸ਼ ਦੇ ਬੰਦਿਆਂ ਨਾਲ ਕਰੂਕਸ਼ੇਤਰ ਦੀ ਧਰਤੀ 'ਤੇ ਸ੍ਰੀ ਕੰਠ ਉਰਫ ਧਨੇਸਰ ਨੂੰ ਵਸਾਇਆ ਸੀ। ਹਰਸ ਚਰਿੱਤਰ ਅਨੁਸਾਰ ਉਹ ਥਨੇਸਰ ਦਾ ਪਹਿਲਾ ਰਾਜਾ ਬਣਿਆ। ਚੀਨੀ ਯਾਤਰੀ ਹਿਊਨਸਾਂਗ 643 ਈਸ਼ਵੀ ਵਿਚ ਮਹਾਰਾਜਾ ਹਰਸ਼ਵਰਧਨ ਦਾ ਮਹਿਮਾਨ ਸੀ। ਉਹ ਆਪਣੀ ਵਾਪਸੀ ਸਮੇਂ ਪਿੰਡ ਮਾਹਿਲਪੁਰ ਦੇ ਦਰਸ਼ਨ ਕਰਨ ਆਇਆ। ਉਸਨੇ ਆਪਣੇ ਸਫ਼ਰਨਾਮੇ ਵਿਚ ਇਸਨੂੰ 'ਸ੍ਰੀ ਮਾਹਿਲਪੁਰ' ਲਿਖਿਆ ਹੈ। ਇਸ ਨਾਮ ਦਾ ਕੋਈ ਹੋਰ ਪਿੰਡ ਜਾਂ ਸ਼ਹਿਰ ਪੂਰੀ ਦੁਨੀਆਂ ਵਿਚ ਨਹੀਂ ਹੈ। ਇਹ ਪੁਲਿੰਗ ਨਾਮ ਹੋਣ ਕਰਕੇ ਵੀ ਜਾਣਿਆ ਜਾਂਦਾ ਹੈ। ਇਕ ਦੰਦ ਕਥਾ ਅਨੁਸਾਰ ਮਾਹਿਲਪੁਰ ਦਾ ਨਾਮ ਰਾਜਾ ਮਾਹਿਲ ਦੇਵ ਤੋਂ ਵੀ ਮੰਨਿਆ ਜਾਂਦਾ ਹੈ। ਸਿਜਰਾਨਸਬ 1884 ਅਨੁਸਾਰ ਰਾਜਾ ਮਾਹਲ ਦੇਵ ਦਾ ਕੁਰਸੀਨਾਮਾ ਇੰਜ ਦਰਸਾਇਆ ਗਿਆ ਹੈ। ਬੀਰੂ (ਨੌਕਰ ਰਾਜਾ ਮਾਹਲ ਦੇਣ) ਖੰਗਣ (ਸਗਣ) ਉਦਵੇਸਾਲ (ਵੁਦਰ ਮੱਲ) ਮੱਖਣ-ਭੱਲਾ-ਬਾਹੋ (ਬਾਹੋ ਹੁਹੀਂ ਤਿੰਨ ਭਰਾ ਸਨ-ਮਾਲ੍ਹਾਂ ਬਿਧੀ ਤੇ ਬਾਹੋ) ਵਿਚਕਾਰਲਾ ਬਿਧੀ ਭਰ ਜੁਆਨੀ ਵਿਚ ਅਕਾਲ ਚਲਾਣਾ ਕਰ ਗਿਆ ਸੀ। ਮਾਲ੍ਹਾ ਨੇ ਮਾਹਿਲਪੁਰ ਬੰਨਿਆ ਅਤੇ ਬਾਹੋ ਨੇ ਪਿੰਡ ਬਾਹੋਵਾਲ। ਮਹਿਮਦ (ਮਹਿਮਦ ਦੀਆਂ ਕਈ ਪਤਨੀਆਂ ਹੋਣ ਕਰਕੇ ਮਾਹਿਲਪੁਰ ਦੀਆਂ ਕਈ ਪੱਤੀਆਂ ਵਜੂਦ ਵਿਚ ਆਈਆਂ। ਇਨ੍ਹਾਂ ਤੱਥਾਂ ਦਾ ਨਿਖੇੜਾ ਕਰੀਏ, ਤਾਂ ਇਕ ਵਿਚਾਰ ਅਨੁਸਾਰ ਸ੍ਰੀ ਮਾਹਿਲਪੁਰ ਨੂੰ ਵਸੇ ਨੂੰ ਚਾਰ ਕੁ ਹਜ਼ਾਰ ਸਾਲ ਜੇ ਮਾਲ੍ਹੇ ਤੋਂ ਗਿਣੀਏ, ਤਾਂ ਅਰਸਾ ਚਾਰ ਕੁ ਸਦੀਆਂ ਦਾ ਬਣਦਾ ਹੈ। ਪਰ ਰਾਜਾ ਮਾਹਲ ਦੇਵ ਦੇ ਨੌਕਰ ਬੀਰੂ ਦਾ ਚੌਧਵੀਂ ਸਦੀ ਦਾ ਅੱਧ ਬਣਦਾ ਹੋਣ ਕਾਰਨ ਕਿਹਾ ਜਾ ਸਕਦਾ ਹੈ ਕਿ ਮਾਹਿਲਪੁਰ ਨਾਮੀ ਪਿੰਡ ਸਾਢੇ ਪੰਜ ਸੌ ਸਾਲ ਪਹਿਲਾਂ ਕਿਸੇ ਨਾ ਕਿਸੇ ਰੂਪ ਵਿਚ ਇਸ ਧਰਤੀ ਮੌਜੂਦ ਸੀ। ਦੰਦ ਕਥਾਵਾਂ ਅਨੁਸਾਰ ਰਮਾਇਣ ਕਾਲ ਦੇ ਚਿੰਨ੍ਹ ਵਜੋਂ ਪਿੰਡ ਛੋਟੀਆਂ ਬਾੜੀਆਂ ਦੇ ਪਿੱਛੋਂ ਨੂੰ ਰਾਜਾ ਜਨਕ ਦੇ ਕਿਲੇ ਦਾ ਥੇਹ ਹੈ, ਜਿਥੇ ਉਸ ਜ਼ਮਾਨੇ ਪਿੰਡ ਆਬਾਦ ਸੀ। ਮਾਹਿਲਪੁਰੀਏ ਜੱਟਾਂ ਦੇ ਗੋਤ ਬੈਂਸ ਦਾ ਆਰੰਭ ਮਹਾਂਭਾਰਤ ਕਾਲ ਤੋਂ ਹੁੰਦਾ ਹੈ। ਪਿੰਡ ਦੁਆਲੇ ਵਗਦੇ ਚੋਆਂ ਵਿਚੋਂ ਮਿਲੀਆਂ ਮੂਰਤੀਆਂ ਅਤੇ ਸਿੱਲਾਂ ਇਸਦੀ ਪੁਰਾਤਨਤਾ ਵੱਲ ਇਸ਼ਾਰਾ ਕਰਦੀਆਂ ਹਨ। ਦੇਵੀ ਤਾਲ ਵਿਚੋਂ ਨਿੱਕਲੀਆਂ ਪੱਥਰ ਦੀਆਂ ਪੰਜ ਮੂਰਤੀਆਂ ਵੀ ਇਸ ਗੱਲ ਦਾ ਸਬੂਤ ਬਣਦੀਆਂ ਹਨ।

## ਬੈਂਸਾਂ ਦਾ ਬਾਈਆ

ਗਜ਼ਟੀਅਰ 1904 ਅਨੁਸਾਰ ਮਾਹਿਲਪੁਰ ਨੂੰ ਜੱਟ ਬੈਂਸ ਕਬੀਲੇ ਦਾ ਸਦਰ ਮੁਕਾਮ ਲਿਖਿਆ ਹੋਇਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਦਰਜਨ ਦੇ ਕਰੀਬ ਪਿੰਡਾਂ ਨਾਲ ਜਲੰਧਰ ਅਤੇ ਨਵਾਂਸ਼ਹਿਰ ਦੇ ਬੈਂਸਾਂ ਪਿੰਡ ਨੂੰ ਮਿਲਾ ਲਈਏ, ਤਾਂ ਇਹ ਕੁੱਲ 22 ਪਿੰਡ ਬਣ ਜਾਂਦੇ ਹਨ, ਜਿਨ੍ਹਾਂ ਨੂੰ ਬੈਂਸਾਂ ਦਾ ਬਾਈਆ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਪਿੰਡ ਖੇੜਾ ਵਿਚ ਆਬਾਦ ਹੋਏ ਜਿਥੇ ਇਨ੍ਹਾਂ ਦੇ ਜਠੇਰੇ ਹਨ। ਮਾਹਿਲਪੁਰ ਤੋਂ ਬਾਅਦ ਪਥਰਾਲਾ, ਭਾਰਟਾ, ਗਨੇਸ਼ਪੁਰ, ਨੰਗਲ ਖੁਰਦ, ਦਾਦੂਵਾਲ, ਗੋਂਦਪੁਰ, ਚੰਬਲਾਂ, ਰਸੂਲਪੁਰ, ਨੰਗਲ ਕਲਾਂ, ਸਰਹਾਲਾ ਖੁਰਦ ਸਮੇਤ ਬੈਂਸਾਂ ਦੇ ਬਾਰਾਂ ਪਿੰਡ ਬਣਦੇ ਹਨ। ਬਾਹੋਵਾਲ ਬਾਹੋ ਦੇ ਨਾਂ 'ਤੇ ਦਾਸੋਵਾਲ ਪੱਤੀ ਦੇ ਖੇਤਰ ਵਿਚ ਵਸਿਆ ਸੀ। ਮਹਾਂਭਾਰਤ ਦੇ ਯੁੱਧ ਤੋਂ ਬਾਅਦ ਸਿਆਸੀ ਉਥਲ-ਪੁਥਲ ਕਾਰਨ ਬੈਂਸਾਂ ਦਾ 127 ਪਿੰਡਾਂ 'ਤੇ ਅਧਿਕਾਰ ਹੋ ਗਿਆ, ਤਾਂ ਮਾਹਿਲਪੁਰ ਨੂੰ 127 ਦਾ ਟਿੱਕਾ ਆਖਿਆ ਜਾਣ ਲੱਗਾ। ਏ ਗਲੋਸੀ ਆਫ਼ ਕਾਸਟ ਐਂਡ ਟਰਾਈਬ ਅਨੁਸਾਰ ਬਾਦਸ਼ਾਹ ਅਕਬਰ ਵਲੋਂ ਇਸ ਇਲਾਕੇ ਦੇ ਚੌਧਰੀ ਅਕਬਰ ਲਕਬ (ਦਰਬਾਰੀਏ) ਨਾਲ ਬਖਸ਼ੇ ਖਿਤਾਬ ਨਾਲ ਨਿਵਾਜੇ ਗਏ ਕੁੱਲ ਪ੍ਰਮੁੱਖ ਜੱਟ ਕੁਨਬਿਆਂ ਵਿਚੋਂ ਇਕ ਹਨ। ਸ਼ਾਇਦ ਇਸੇ ਕਰਕੇ ਮਾਹਿਲਪੁਰੀਏ ਆਪਣੇ ਆਪ ਨੂੰ ਬਾਕੀਆਂ ਨਾਲੋਂ ਵਿਸ਼ੇਸ਼ ਮੰਨਦੇ ਹਨ। 17ਵੀਂ ਸਦੀ ਵਿਚ ਮਾਹਿਲਪੁਰ ਦੇ ਚੌਧਰੀ ਰਾਮ ਰਾਏ ਦਾ ਜੇਜੋਂ ਦੇ ਜਸਵਾਲ ਰਾਜੇ ਰਾਮ ਸਿੰਘ ਹੱਥੋਂ ਕਤਲ ਹੋਣ ਉਪਰੰਤ ਇਸ ਇਲਾਕੇ 'ਤੇ ਉਨ੍ਹਾਂ ਦੀ ਚੜ੍ਹਤ ਹੋ ਗਈ। ਉਸ ਸਮੇਂ ਕਈ ਬੈਂਸ ਪਰਿਵਾਰ ਇਥੋਂ ਛੱਡ ਕੇ ਹੋਰ ਥਾਵਾਂ 'ਤੇ ਚੱਲੇ ਗਏ। ਜਿਨ੍ਹਾਂ ਵਿਚ ਚੌਧਰੀ ਰਾਮ ਰਾਏ ਦਾ ਪੁੱਤਰ ਸ਼ਾਮਪਰਾ ਸਰਹੰਦ ਜਾ ਵਸਿਆ। ਉਸਦੀ ਔਲਾਦ ਨੂੰ ਜੱਲਾ ਪਿੰਡ ਵਸਾਇਆ, ਜਿਸਦੀ ਤੰਦ ਜਲਿਆਂਵਾਲੇ ਬਾਗ ਨਾਲ ਜੁੜਦੀ ਹੈ।

## ਮਾਹਿਲਪੁਰ ਜ਼ੈਲ ਵੀ ਸੀ

ਜ਼ੈਲ ਦਾ ਅਰਥ ਇਲਾਕਾ ਜਾਂ ਪਰਗਣਾ ਹੁੰਦਾ ਹੈ। ਪਰਗਣਾ ਤਹਿਸੀਲ ਨੂੰ ਵੀ ਕਿਹਾ ਜਾਂਦਾ ਸੀ, ਜਿਸਦਾ ਪ੍ਰਬੰਧ ਅੰਗਰੇਜ਼ੀ ਰਾਜ ਵਿਚ 1870 ਈਸਵੀ ਨੂੰ ਆਰੰਭ ਕੀਤਾ ਗਿਆ, ਤਾਂ ਕਿ ਪੂਰੇ ਇਲਾਕੇ ਦੀ ਜਾਣਕਾਰੀ ਸਰਕਾਰ ਨੂੰ ਮਿਲਦੀ ਰਹੇ। ਜ਼ੈਲ ਦੇ ਹਾਕਮ ਨੂੰ ਜ਼ੈਲਦਾਰ ਆਖਿਆ ਜਾਂਦਾ ਸੀ। ਮਾਹਿਲਪੁਰ ਦੀ 42 ਪਿੰਡਾਂ ਦੀ ਜ਼ੈਲ ਦੇ ਪਹਿਲੇ ਜ਼ੈਲਦਾਰ ਨਗੀਨਾ ਸਿੰਘ ਅਤੇ ਸਫ਼ੈਦ ਪੋਸ਼ ਚੌਧਰੀ ਬਲਵੰਤ ਸਿੰਘ ਸਨ। ਲਾਰਡ ਰਿਪਨ ਨੇ 1881 ਵਿਚ ਜਦੋਂ ਪੰਚਾਇਤਾਂ ਦਾ ਪੁਨਰ ਗਠਨ ਕੀਤਾ ਤਾਂ ਮਾਹਿਲਪੁਰ ਦੀ ਅਗਾਂਹਵਧੂ ਮਹਾਜਨ ਪੰਚਾਇਤ ਨੇ ਆਪਣਾ ਸੰਵਿਧਾਨ ਤਿਆਰ ਕਰਕੇ ਭੱਲ ਖੱਟੀ। ਉਸ ਜ਼ਮਾਨੇ ਜਾਇਦਾਦ ਦੇ ਮਾਲਕ ਹੀ ਪੰਚਾਇਤ ਮੈਂਬਰ ਨਿਯੁਕਤ ਕੀਤੇ ਜਾਂਦੇ ਸਨ। ਸੰਨ 1945 ਵਿਚ ਹੋਈਆਂ ਪਹਿਲੀਆਂ ਚੋਣਾਂ ਵਿਚ ਕਾਮਰੇਡ ਬਾਬੂ ਗੁਰਬਖਸ਼ ਸਿੰਘ ਸਰਪੰਚ ਅਤੇ ਦਲਿਤ ਗਣੇਸ਼ਾ ਰਾਮ ਪੰਚ ਚੁਣੇ ਗਏ। ਬਹੁਤੇ ਮਾਹਿਲਪੁਰੀਆ ਨੂੰ ਗੁੜ੍ਹਤੀ ਦੇਣ ਵਾਲੀ ਸਰਦਾਰਾਂ ਦਾਈ 1970 ਵਿਚ ਲਾਹੌਰ ਵਿਖੇ ਫੌਤ ਹੋਈ।

## ਅਸਲੀ ਪਿੰਡ ਕਿੱਥੇ ਵਸਦਾ ਸੀ

ਸਮਰਾਟ ਅਕਬਰ ਦੇ ਜ਼ਮਾਨੇ ਵਿਚ ਸਾਰਾ ਪਿੰਡ ਅੰਦਰ ਬਾਹਰ ਮੁਹੱਲੇ ਵਿਚ ਹੀ ਵਸਦਾ ਸੀ। ਤਰੱਕੀ ਦੇ ਨਾਲ-ਨਾਲ ਇਸਦਾ



ਵਿਕਾਸ ਅਤੇ ਵਿਸਥਾਰ ਹੁੰਦਾ ਗਿਆ। ਬਿਨਾਂ ਕਿਸੇ ਭੇਦਭਾਵ ਦੇ ਇਸ ਪਿੰਡ ਵਿਚ ਜੱਟ ਬੈਂਸ, ਬ੍ਰਹਾਮਣ-ਬਾਲੀ, ਖੱਤਰੀ ਤੇ ਮੁਸਲਮਾਨ ਰਹਿੰਦੇ ਸਨ। ਇਸ ਵਸੋਂ ਦੇ ਦੱਖਣ ਵਾਲੇ ਪਾਸੇ ਸੈਣੀ, ਉੱਤਰ ਪੂਰਬ ਵੱਲ ਮਹਿਤੋਂ ਰਾਜਪੂਤ, ਬਾਲਮੀਕ ਅਤੇ ਆਦਿ ਧਰਮੀਆਂ ਦੀਆਂ ਬਸਤੀਆਂ ਵਸਦੀਆਂ ਸਨ। ਛੋਟੀਆਂ ਇੱਟਾਂ ਨਾਲ ਬਣਿਆ ਅੰਦਰ ਬਾਹਰ ਮਹੱਲਾ ਸਦੀਆਂ ਪੁਰਾਣੀ ਯਾਦ ਤਾਜ਼ਾ ਕਰਵਾ ਦਿੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਥੇ ਇਕ ਸਰਾਂ ਸੀ, ਜਿਸ ਵਾਸਤੇ ਕੋਠੜੀਆਂ ਲਈ ਇਹ ਛੋਟਾ ਰਸਤਾ ਸੀ। ਮੁਹੱਲੇ ਅੰਦਰ ਇਕ ਖੂਹੀ ਵੀ ਸੀ। ਇਕ ਵਿਚਾਰ ਅਨੁਸਾਰ ਇਥੇ ਇਕ ਕਿਲ੍ਹਾ ਸੀ, ਜਿਸਦਾ ਇਕ ਦਰਵਾਜ਼ਾ ਸੀ। ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਇਕੋ ਦਰਵਾਜ਼ਾ ਰੱਖਿਆ ਗਿਆ ਸੀ। ਖਾਲਸਾ ਰਾਜ ਸਮੇਂ ਚੜ੍ਹਤ ਸਿੰਘ ਕੋਤਵਾਲ ਦੇ ਨੰਬਰਦਾਰ ਦੱਲ ਸਿੰਘ (ਪੱਤੀ ਚੱਕਵਾਲੀ) ਦੋਹਾਂ ਭਰਾਵਾਂ ਨੇ ਅੰਦਰ ਬਾਹਰ ਮੁਹੱਲੇ ਤੋਂ ਆਪਣੀਆਂ ਹਵੇਲੀਆਂ ਬਗਲੀਆਂ। ਦੀਵਾਨ ਖਾਨੇ ਦੇ ਦੱਖਣ ਵਾਲੇ ਪਾਸੇ ਪ੍ਰਿੰਸੀਪਲ ਹਰਭਜਨ ਸਿੰਘ ਅਤੇ ਬਾਬੂ ਰਾਏ ਦੇ ਮਕਾਨ ਸਨ। ਬਾਅਦ ਵਿਚ ਬਾਜ਼ਾਰ ਬਣਿਆ ਦੱਸਿਆ ਜਾਂਦਾ ਹੈ।

## ਪਲੇਗ ਦੀ ਮਾਰ

ਸੰਨ 1897 'ਚ ਪੂਰੇ ਪੰਜਾਬ ਵਿਚ ਪਲੇਗ ਫੈਲ ਗਈ ਸੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਨਾ ਮੁਰਾਦ ਬਿਮਾਰੀ ਖਟਕੜ ਕਲਾਂ ਦਾ ਬ੍ਰਾਹਮਣ ਹਰਦੁਆਰ ਤੋਂ ਲਿਆਇਆ ਸੀ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਸ ਕਾਰਨ 19335 ਮੌਤਾਂ ਹੋਈਆਂ। ਮਾਹਿਲਪੁਰ ਦੀ ਆਬਾਦੀ 1901 ਵਿਚ 2736 ਦੱਸੀ ਗਈ ਹੈ, ਜਦਕਿ ਇਹ ਪਲੇਗ ਤੋਂ ਪਹਿਲਾਂ ਤਿੰਨ ਹਜ਼ਾਰ ਤੋਂ ਵੱਧ ਸੀ।

## ਵਿਕਾਸ ਦੀਆਂ ਲੀਹਾਂ

ਅੰਦਰ ਬਾਹਰ ਮੁਹੱਲੇ ਦੀ ਸੰਘਣੀ ਆਬਾਦੀ 'ਚੋਂ ਬਾਹਰ ਵਸਣ ਦਾ ਰਿਵਾਜ਼ ਅੰਗਰੇਜ਼ ਹਕੂਮਤ ਵੇਲੇ ਪ੍ਰਚੱਲਿਤ ਹੋਇਆ। ਖੁੱਲ੍ਹੇ ਤੇ ਹਵਾਦਾਰ ਮਕਾਨਾਂ ਦੀ ਉਸਾਰੀ ਦਾ ਆਰੰਭ ਹੋ ਗਿਆ। 1935-36 ਵਿਚ ਪਹਿਲੀ ਵਾਰ ਗਲੀਆਂ ਵਿਚ ਡਬਲ ਇੱਟ ਦਾ ਫਰਸ਼ ਲਗਾਉਣ ਦਾ ਕਾਰਜ ਆਰੰਭ ਕੀਤਾ ਗਿਆ। ਰੈਸਟ ਹਾਊਣ ਤੋਂ ਥਾਣੇ ਤੱਕ ਦੇ ਏਰੀਏ ਨੂੰ ਪੜਾਅ ਕਿਹਾ ਜਾਂਦਾ ਹੈ, ਜਿਥੇ ਫੌਜਾਂ ਆਉਣ-ਜਾਣ ਸਮੇਂ ਰਿਹਾ ਕਰਦੀਆਂ ਸਨ। ਇਸਦੀ ਨਿਲਾਮੀ 1935 ਵਿਚ ਆਰੰਭ ਹੋ ਗਈ। ਲਗਭਗ 400 ਵਰਗ ਮੀਟਰ ਦੇ ਘੇਰੇ ਵਾਲਾ ਪਿੰਡ ਕਿਲੋਮੀਟਰਾਂ ਵਿਚ ਫੈਲਣ ਲੱਗ ਪਿਆ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਜ਼ੋਰਾਵਰ ਸਿੰਘ ਬੈਂਸ ਨੇ ਇਥੇ ਪਲਾਟਿੰਗ ਦਾ ਕੰਮ ਸ਼ੁਰੂ ਕਰਕੇ ਵਿਦੇਸ਼ੀ ਲੋਕਾਂ ਨੂੰ ਇਥੇ ਵਸਣ ਲਈ ਪ੍ਰੇਰਿਤ ਕੀਤਾ। ਉਸ ਵਲੋਂ ਸ਼ਹਿਰੀ ਸਹੂਲਤਾਂ ਦੇਣ ਵਾਸਤੇ ਪਹਿਲਾ ਪੈਲੇਸ 1990 (ਸ਼ਮਸ਼ੇਰ ਹਾਲ) ਸਿਵਲ ਹਸਪਤਾਲ ਦੇ ਨਜ਼ਦੀਕ ਉਸਾਰਿਆ।

## ਪਿੰਡ ਦੇ ਵਾਸੀ

ਕਿਹਾ ਜਾਂਦਾ ਹੈ ਕਿ ਜਦੋਂ ਪਿੰਡ ਹੋਂਦ ਵਿਚ ਆਇਆ, ਤਾਂ ਇਥੇ ਸਿਰਫ ਪੰਜਾਂ ਜਾਤਾਂ ਦੇ ਲੋਕ ਹੀ ਵਸਦੇ ਸਨ। ਇਹ ਸਨ ਜੱਟ-ਬੈਂਸ, ਬ੍ਰਾਹਮਣ-ਬਾਲੀ, ਨਾਈ-ਚੰਦੇਲ, ਆਦਿਧਰਮੀ-ਮਹੇ ਅਤੇ ਬਾਲਮੀਕ-ਮਰਬਾਹੇ। ਬੈਂਸ: ਮਹਾਂਭਾਰਤ ਦੇ ਜ਼ਮਾਨੇ ਵਿਚ ਬਸਾਤੀ ਨਾਂ ਦਾ ਜਨਪਦ ਸੀ। ਬਸਾਤੀ ਸ਼ਬਦ ਦਾ ਬਦਲਦਾ ਰੂਪ ਆਖਰ ਬੈਂਸ ਵਜੋਂ ਮਸ਼ਹੂਰ ਹੋਇਆ। ਇਤਿਹਾਸਕਾਰ ਕਨਿੰਘਮ ਨੇ ਮਾਹਿਲਪੁਰੀਏ ਬੈਂਸਾਂ ਨੂੰ ਜੰਜੂਏ ਰਾਜਪੂਤ ਲਿਖਿਆ ਹੈ, ਜੋ ਪਹਿਲੇ ਪਹਿਲ ਜੰਜੂ ਪਹਿਨਦੇ ਸਨ। ਪੰਜਾਬ ਵਿਚ ਸਭ ਤੋਂ ਪਹਿਲੇ ਆਉਣ ਵਾਲੇ ਆਰੀਅਨ ਦੇ ਧਰੂ, ਤੁਰਵੱਸ, ਅਨੂੰ, ਦਰੂਵ ਅਤੇ ਯਾਦਵ ਕਬੀਲੇ ਸਨ। ਬ੍ਰਾਹਮਣ ਦਸ ਪ੍ਰਕਾਰ ਦੇ ਹੁੰਦੇ ਸਨ। ਬਾਲੀ ਬ੍ਰਾਹਮਣ ਜੱਟ ਬੈਂਸਾਂ ਦੇ ਪ੍ਰੋਹਿਤ ਹਨ। ਜੋ ਇਨ੍ਹਾਂ ਦੇ ਨਾਲ ਹੀ ਵਸਦੇ ਆ ਰਹੇ ਹਨ। ਨਾਈ ਨੂੰ ਸਤਿਕਾਰ ਵਜੋਂ ਰਾਜਾ ਵੀ ਕਿਹਾ ਜਾਂਦਾ ਹੈ, ਜੋ ਬ੍ਰਾਹਮਵਾਦ ਵੇਲੇ ਕੁੜੀਆਂ ਦਾ ਵਰ ਲੱਭਣ ਵਿਚ ਬ੍ਰਾਹਮਣ ਦਾ ਸਹਾਇਕ ਹੁੰਦਾ ਸੀ। ਮਹੇ ਗੋਤ ਦੇ ਆਦਿ ਧਰਮੀ ਮੁੱਢ ਤੋਂ ਬੈਂਸਾਂ ਤੇ ਬਾਲੀਆ ਦੇ ਸੇਵਾਦਾਰ ਰਹੇ। ਬਾਲੀ ਬ੍ਰਾਹਮਣਾਂ ਤੋਂ ਇਲਾਵਾ ਸ਼ਿਬਰ ਭਾਰਗੋ, ਪਾਟਕ, ਭਾਰਦਵਾਜ, ਰਤਨ ਤੇ ਵਸ਼ਿਸ਼ਟ ਗੋਤਾਂ ਦੇ ਬ੍ਰਾਹਮਣ ਵੀ ਵਸਦੇ ਹਨ। ਗੁਜਰਾਤੀ ਵਿਦਵਾਨ ਬ੍ਰਾਹਮਣਾਂ ਨੂੰ ਵਿਦਵੇਡਿਆਂ ਦਾ ਬਾਗ ਦਿਨ ਵਿਚ ਦਿੱਤਾ ਗਿਆ ਸੀ। ਮੁਰਦੇ ਦਾ ਕਿਰਿਆ ਕਰਮ ਕਰਨ ਵਾਲਿਆਂ ਨੂੰ ਅਚਾਰਜ (ਚਾਰਜ) ਕਿਹਾ ਜਾਂਦਾ ਹੈ। ਅਚਾਰਜ ਦਾ ਅਰਥ ਹੈ ਆਚਰਨ ਵਾਲਾ ਵਿਦਵਾਨ। ਇਹ ਵੀ ਕਿਹਾ ਜਾਂਦਾ ਸੀ ਕਿ ਇਥੇ ਬਾਈ ਬੱਬੇ ਵਸਦੇ ਸਨ। ਪਰ ਉਨ੍ਹਾਂ ਵਿਚੋਂ ਬੈਂਸ, ਬਾਲੀ ਅਤੇ ਬਹਿਕੀ ਹੀ ਪ੍ਰਚੱਲਤ ਹਨ। ਤੰਬੜ ਗੋਤ ਦੇ ਸੈਣੀਆ ਨੂੰ ਪਿੰਡ ਦੇ ਲਹਿੰਦੇ ਪਾਸੇ 18 ਘੁਮਾ ਜ਼ਮੀਨ 'ਤੇ ਵਸਾਇਆ ਗਿਆ। ਸਿੱਖ ਰਾਜਪੂਤ ਲੱਡੂ ਪਿੰਡ ਡੋਹਲਰੋ ਵਿਚ ਵਸਦੇ ਹਨ। ਤਰਖਾਣ, ਲੁਹਾਰ, ਭੰਜੜੇ, ਸਾਸੀ, ਜਸਵਾਲ, ਛੀਂਬੇ, ਧੋਬੀ, ਭੜਭੂੰਜੇ, ਮਰਾਸੀ, ਵਣਜਾਰੇ, ਅਰਾਈਂ, ਕਾਜ਼ੀ, ਲਲਾਰੀ, ਕਸਾਈ, ਘੁਮਿਆਰ, ਕੰਜਰ, ਜੋਖੇੜੇ, ਫਕੀਰ, ਕਸ਼ਮੀਰੀ ਮੁਸਲਮਾਨ, ਆਦਿ ਸਭ ਜਾਤਾਂ ਦੇ ਲੋਕ ਇਥੇ ਵਸਦੇ ਰਹੇ ਹਨ, ਨੇੜੇ ਪਿੰਡਾਂ ਵਿਚ ਕਈ ਹੋਰ ਜਾਤਾਂ ਦੇ ਲੋਕ ਵੀ ਆ ਕੇ ਰੈਣ-ਬਸੇਰਾ ਕਰਨ ਲੱਗ ਪਏ ਹਨ। ਇਨ੍ਹਾਂ ਵਿਚ ਯੂ.ਪੀ. ਬਿਹਾਰ, ਤੋਂ ਆਉਣ ਵਾਲਿਆਂ ਦੀ ਬਹੁਗਿਣਤੀ ਹੈ।

## ਪਿੰਡ ਦੀਆਂ ਨੰਬਰਦਾਰੀਆਂ

ਲਗਾਨ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਣ ਦਾ ਕੰਮ ਮੁਸਲਮਾਨ ਰਾਜ ਕਾਲ ਵਿਚ ਨੰਬਰਦਾਰਾਂ ਨੂੰ ਸੌਂਪਿਆ ਗਿਆ। ਨੰਬਰਦਾਰ ਨੂੰ 5% ਮਿਲਣ ਵਾਲੇ ਕਮਿਸ਼ਨ ਨੂੰ ਪੰਜੋਤਾਰਾ ਕਿਹਾ ਜਾਂਦਾ ਸੀ। ਸਿੱਖ ਰਾਜ ਵੇਲੇ ਇਸਦੀ ਸਮਾਪਤੀ ਹੋ ਗਈ ਪਰ ਅੰਗਰੇਜ਼ਾਂ ਨੇ ਇਸਨੂੰ ਮੁੜ ਤੋਂ ਚਾਲੂ ਕਰ ਲਿਆ। ਬਜ਼ੁਰਗ ਮਹਿਮਦ ਦੀਆਂ ਦੋ ਪਤਨੀਆਂ ਹੋਣ ਕਰਕੇ ਜ਼ਮੀਨ ਦੀ ਚੂੰਡੇ ਵੰਡ ਹੋਈ, ਭਾਵ ਦੋਨਾਂ ਦੀ ਔਲਾਦ ਵਿਚ ਬਰਾਬਰ ਵੰਡੀ ਗਈ, ਤਾਂ ਦੋ ਨੰਬਰਦਾਰੀਆਂ ਵੀ ਬਣ ਗਈਆਂ। ਨੰਬਰਦਾਰੀ ਦਲ ਸਿੰਘ ਅਤੇ ਨੰਬਰਦਾਰੀ ਚੜ੍ਹਤ ਸਿੰਘ ਨੂੰ ਮਾਹਿਲਪੁਰ ਦੁਆਬੇ ਦੇ ਬੇਚਿਰਾਗ ਖੇੜਿਆਂ ਦੀਆਂ ਨੰਬਰਦਾਰੀਆਂ ਦੀ ਮਿਲ ਗਈਆਂ। ਪਿੰਡ ਵਿਚ ਆਜ਼ਾਦੀ ਤੋਂ ਬਾਅਦ ਰਹਿ ਚੁੱਕੇ ਨੰਬਰਦਾਰਾਂ ਦਾ ਵੇਰਵਾ ਨੈਸ਼ਨਲ ਅਵਾਰਡੀ ਅਧਿਆਪਕ ਅਤੇ ਖੋਜੀ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਆਪਣੀ ਪੁਸਤਕ "ਕਰਮ ਯੋਗੀ ਪ੍ਰਿੰ: ਹਰਭਜਨ ਸਿੰਘ ਮੇਰਾ ਪਿੰਡ ਮਾਹਿਲਪੁਰ" ਵਿਚ ਕੀਤਾ ਹੈ। 1. ਮਾਹਿਲਪੁਰ ਤੇ ਬੇਚਿਰਾਗ ਖੇੜਾ ਚੱਕ-ਉੱਤਮ ਸਿੰਘ, ਗੁਰਚੇਤਨ ਸਿੰਘ 2. ਮਾਹਿਲਪੁਰ- ਰਛਪਾਲ ਸਿੰਘ, ਕਰਤਾਰ ਸਿੰਘ, ਬਲਦੇਵ ਸਿੰਘ 3. ਹਵੇਲੀ-ਹਰਦਿਆਲ ਸਿੰਘ, ਹਰਨੰਦਨ ਸਿੰਘ 4. ਬੇਚਿਰਾਗ ਖੇੜਾ ਫਾਗੋ-ਕਸ਼ਮੀਰਾ ਸਿੰਘ, ਜਸਵਿੰਦਰ ਸਿੰਘ 5. ਬੇਚਿਰਾਗ ਖੇੜਾ ਲੱਧੇਵਾਲ-ਕਰਮ ਸਿੰਘ 6. ਬੇਚਿਰਾਗ ਖੇੜਾ ਚਰਨਪੁਰ-ਵਕੀਲ ਕਰਮ ਸਿੰਘ, ਚੰਚਲ ਸਿੰਘ 7. ਬੇਚਿਰਾਗ ਖੇੜਾ ਦਾਸੋਵਾਲ-ਸੋਹਣ ਸਿੰਘ 8. ਗੁਰਬਚਨ ਦਾਸ ਆਦਿ ਧਰਮੀ (1953 ਵਿਚ ਮਿਲੀ)। ਮਾਹਿਲਪੁਰ ਦੇ ਕਾਜ਼ੀਆਂ ਪਾਸੋਂ ਮਲਵੰਡੀ ਦੀ ਨੰਬਰਦਾਰੀ ਹਰੀ ਸਿੰਘ ਕਹਾਰਪੁਰੀ ਨੂੰ ਅਜ਼ਾਦੀ ਤੋਂ ਬਾਅਦ ਮਿਲੀ।

■ ਬਾਕੀ ਅਗਲੇ ਅੰਕ 'ਚ

# ਯੂਕੇ ਦੇ ਉੱਘੇ ਕਾਰੋਬਾਰੀ ਸ. ਰੇਸ਼ਮ ਸਿੰਘ ਰੱਤੂ ਨੇ ਮਨਾਇਆ ਆਪਣੀ ਧਰਮ ਪਤਨੀ ਦਾ 60ਵਾਂ ਜਨਮ ਦਿਨ

ਬੀਤੇ ਦਿਨੀ ਪੰਜਾਬ ਦੇ ਮਸ਼ਹੂਰ ਸਥਾਨ ਬੰਗਾ ਨਿਵਾਸੀ ਅਤੇ ਹੁਣ ਯੂ ਕੇ ਦੇ ਮਸ਼ਹੂਰ ਅਤੇ ਕਾਮਯਾਬ ਕਾਰੋਬਾਰੀ ਸ. ਰੇਸ਼ਮ ਸਿੰਘ ਰੱਤੂ ਜੀ ਨੇ ਆਪਣੀ ਧਰਮ ਪਤਨੀ 'ਕਮਲਾ'ਦਾ 60ਵਾਂ ਜਨਮ ਦਿਨ ਬੜੀਆਂ ਸੱਧਰਾਂ ਅਤੇ ਖੁਸ਼ੀਆਂ ਨਾਲ ਮਨਾਇਆ। ਰੱਤੂ ਸਾਹਿਬ ਨੇ ਮਨ ਜਿੱਤ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੇਰੀ ਜੀਵਨ ਸਾਥਣ ਨੇ ਜਿਸ ਤਰ੍ਹਾਂ ਮੇਰਾ ਜੀਵਨ ਵਿੱਚ ਹਰਸਮੇਂ ਸਾਥ ਨਿਭ੍ਹਾਇਆ ਉਹ ਵਰਨਣ ਤੋਂ ਬਾਹਰ ਹੈ।ਇਸ ਲਈ ਮੈਂ ਉਸਦੀਆਂ ਖੁਸ਼ੀਆਂ ਵਿੱਚ ਵਾਧਾ ਕਰਨ ਲਈ ਇਹੀ ਵਿਉਂਤ ਬਣਾਈ ਕਿ ਸਭ ਰਿਸ਼ਤੇਦਾਰਾਂ ਅਤੇ ਮਿੱਤਰਾਂ ਦੀ ਹਾਜ਼ਰੀ ਵਿੱਚ ਮੈਂ ਆਪਣੀ ਇਸ ਖੁਸ਼ੀ ਦਾ ਇਜ਼ਹਾਰ ਕਰ ਸਕਾਂ। ਮੈਂ ਆਪਣੀ ਪਿਆਰੀ ਪਤਨੀ ਦਾ ਧੰਨਵਾਦ ਕਰਦਾ ਹਾਂ ਜਿਸਨੇ ਮੇਰੀ ਇਸ ਕੋਸ਼ਿਸ਼ ਨੂੰ ਸਲਾਹਿਆ ਅਤੇ ਉੱਥੇ ਹੀ ਸਾਰੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਇਸ ਖੁਸ਼ੀ ਦੇ ਮੌਕੇ ਨੂੰ ਆਕੇ ਚਾਰ ਚੰਨ ਲਾਏ।

ਮਨ ਜਿੱਤ ਅਦਾਰਾ ਵੀ ਰੱਤੂ ਸਾਹਿਬ ਅਤੇ ਉਨ੍ਹਾਂ ਦੀ ਪਤਨੀ 'ਕਮਲਾ' ਨੂੰ ਉਸਦੇ 60ਵੇਂ ਜਨਮ ਦਿਨ ਦੀਆਂ ਸ਼ੁਭ ਕਾਮਨਾਵਾਂ ਦੇਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੋਇਆ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਉਹ ਲੰਬੀਆਂ ਉਮਰਾਂ ਹੰਢ੍ਹਾਉਣ ਅਤੇ ਇਸੇ ਤਰ੍ਹਾਂ ਉਨਾਂ ਦੇ ਜਨਮ ਦਿਨ ਮਨਾ ਹੁੰਦੇ ਰਹਿਣ।





























# 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ 'ਚੋਂ 80% ਦੀਆਂ ਉਮਰਾਂ 50 ਸਾਲ ਤੋਂ ਵੱਧ

ਮਿਸੀਸਾਗਾ: ਦੁਨੀਆਂ ਭਰ ਦੀਆਂ ਜ਼ਿਆਦਾਤਰ ਔਰਤਾਂ 50 ਸਾਲ ਦੀ ਉਮਰ ਤੋਂ ਬਾਅਦ ਆਪਣੇ ਕਰੀਅਰ 'ਚ ਅੱਗੇ ਵਧਦੀਆਂ ਹਨ ਅਤੇ ਕੰਪਨੀਆਂ ਇਸ ਤੱਥ ਨੂੰ ਸਮਝਣਾ ਚਾਹੀਦਾ ਹੈ। ਫ਼ੋਰਬਜ਼ 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਸੂਚੀ ਦੀ ਤਾਜ਼ਾ ਦਰਜਾਬੰਦੀ ਔਰਤਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਕਰੀਅਰ ਦੇ ਸਿਖਰ 'ਤੇ ਦਰਸਾਉਂਦੀ ਹੈ।

ਇਨ੍ਹਾਂ 'ਚੋਂ 80 ਫ਼ੀਸਦੀ 50 ਸਾਲ ਤੋਂ ਵੱਧ ਉਮਰ ਦੀਆਂ ਹਨ ਅਤੇ ਅੱਧਿਆਂ ਦੀ ਉਮਰ 60 ਸਾਲ ਤੋਂ ਉੱਪਰ ਹੈ। ਸਾਰੀਆਂ ਰੂੜ੍ਹੀਵਾਦੀ ਅਤੇ ਵਿਰਾਸਤੀ ਕਹਾਣੀਆਂ, ਪਰੀਆਂ ਦੀਆਂ ਕਹਾਣੀਆਂ ਅਤੇ ਫ਼ਿਲਮਾਂ ਦੇ ਬਾਵਜੂਦ – ਜੋ ਬਜ਼ੁਰਗ ਔਰਤਾਂ ਨੂੰ ਡਰਾਉਣੀਆਂ ਅਤੇ ਝੁਰੜੀਆਂ ਵਾਲੇ ਇੱਕ ਕ੍ਰੋਨਜ਼ (ਡਾਇਣ) ਦੇ ਰੂਪ 'ਚ ਦਰਸਾਉਂਦੀਆਂ ਹਨ, ਪਰ ਅਜੋਕੇ ਸਮੇਂ ਉਭਰਦੀ ਹਕੀਕਤ ਇਹ ਹੈ ਕਿ ਔਰਤਾਂ 50ਵਿਆਂ ਤੋਂ ਬਾਅਦ ਆਪਣੀ ਉਮਰ ਦੇ Q-3 'ਚ ਪ੍ਰਵੇਸਲ ਕਰਦੀਆਂ ਹਨ, ਉਮਰ ਦੀ ਤੀਜੀ ਤਿਮਾਹੀ ਜੋ 50–75 ਸਾਲ ਦਰਮਿਆਨ ਆਪਣੇ ਜੋਬਨ 'ਤੇ ਹੁੰਦੀ ਹੈ।

ਔਰਤਾਂ ਜੀਵਨ ਦੇ ਸਾਰੇ ਖੇਤਰਾਂ 'ਚ ਅਤੇ ਇੱਥੋਂ ਤਕ ਕਿ ਕੁੱਝ ਅਣਕਿਆਸੇ ਦੇਸ਼ਾਂ 'ਚ ਵੀ ਪੂਰੀ ਤਰ੍ਹਾਂ ਸਵੈ–ਵਾਸਤਵਿਕ, ਆਵਾਜ਼ ਅਤੇ ਦ੍ਰਿਸ਼ਮਾਨ ਬਣ ਰਹੀਆਂ ਹਨ। ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਤਰੱਕੀ ਕਰਨ 'ਚ ਥੋੜ੍ਹਾ ਜ਼ਿਆਦਾ ਸਮਾਂ ਲੱਗਦਾ ਹੈ। ਅਸਲ ਵਿੱਚ, ਇਸ 'ਚ ਦਹਾਕੇ ਵੱਧ ਲੱਗ ਜਾਂਦੇ ਹਨ।



ਜ਼ਿਆਦਾਤਰ ਪੁਰਸ਼ ਆਪਣੇ 50 ਅਤੇ 60 ਦੇ ਦਹਾਕੇ 'ਚ ਵੱਡੇ–ਵੱਡੇ, ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਅਹੁਦਿਆਂ 'ਤੇ ਪਹੁੰਚਦੇ ਹਨ (ਤਕਨੀਕੀ ਖੇਤਰ ਉਪ੍ਰੋਕਤ ਕਥਨ ਦਾ ਇੱਕ ਮਹੱਤਵਪੂਰਣ ਅਪਵਾਦ ਹੈ)। ਜ਼ਿਆਦਾਤਰ ਔਰਤਾਂ ਅਜੇ ਵੀ Q-2 'ਚ ਪੂੰਜੀਵਾਦ, ਕਰੀਅਰ ਅਤੇ ਦੇਖਭਾਲ (ਬੱਚਿਆਂ, ਬਜ਼ੁਰਗਾਂ, ਜੀਵਨ ਸਾਥੀ ਅਤੇ ਉਨ੍ਹਾਂ ਦੀ ਲੋੜ ਵਾਲੇ ਕਿਸੇ ਹੋਰ ਵਿਅਕਤੀ) ਦੇ ਅਸੰਭਵ ਵਿਰੋਧਾਭਾਸ ਨੂੰ ਬਰਦਾਸ਼ਤ ਕਰ ਰਹੀਆਂ ਹੁੰਦੀਆਂ ਹਨ, ਮਤਲਬ ਕਿ ਉਹ ਔਸਤਨ ਥੋੜ੍ਹੀ ਦੇਰ ਨਾਲ ਖਿੜਦੀਆਂ ਹਨ।

**ਪਹਿਲੇ ਨੰਬਰ 'ਤੇ ਆਈ ਮਹਿਲਾ ਹੈ ਇੱਕ ਰੋਲ ਮਾਡਲ**

ਫ਼ੋਰਬਜ਼ ਰੈਂਕਿੰਗ 'ਚ (ਲਗਾਤਾਰ ਦੂਜੀ ਵਾਰ) ਪਹਿਲੇ ਨੰਬਰ 'ਤੇ ਆਈ ਔਰਤ ਇੱਕ ਰੋਲ ਮਾਡਲ ਹੈ, ਇੱਕ ਉਦਾਹਰਣ ਹੈ। ਉਰਸੁਲਾ ਵਾਨ ਡੇਰ ਲੇਅਨ ਯੌਰਪੀਅਨ ਕਮਿਸ਼ਨ ਦੀ 65 ਸਾਲਾ ਪ੍ਰਧਾਨ ਹੈ। ਉਸ ਨੂੰ 61 ਸਾਲ ਦੀ ਉਮਰ 'ਚ ਯੌਰਪੀਅਨ ਯੂਨੀਅਨ ਦੇ 27 ਦੇਸ਼ਾਂ 'ਚ 45 ਕਰੋੜ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਦੀ ਅਗਵਾਈ ਕਰਨ ਲਈ ਚੁਣਿਆ ਗਿਆ ਸੀ। 26 ਸਾਲ ਦੀ ਉਮਰ 'ਚ ਉਸ ਨੇ 1986 'ਚ ਇੱਕ ਰਵਾਇਤੀ ਰਸਮ 'ਚ ਆਪਣੇ ਡਾਕਟਰ ਪਤੀ ਨਾਲ ਵਿਆਹ ਕੀਤਾ ਅਤੇ ਅਗਲੇ 13 ਸਾਲਾਂ 'ਚ ਉਸ ਦੇ ਸੱਤ ਬੱਚੇ ਹੋਏ। ਬਹੁਤ ਸਾਰੀਆਂ ਔਰਤਾਂ ਵਾਂਗ, ਉਸ ਨੇ ਵੀ ਪਰਿਵਾਰ ਨੂੰ ਤਰਜੀਹ ਦਿੰਦੇ ਹੋਏ ਦੂਜੀ ਤਿਮਾਹੀ ਬਿਤਾਈ। ਉਹ 46 ਸਾਲ ਦੀ ਉਮਰ 'ਚ 2005 'ਚ ਪਰਿਵਾਰ ਅਤੇ ਯੁਵਾ ਮੰਤਰੀ ਵਜੋਂ ਐਂਗਲਾ ਮਰਕਲ ਦੀ ਸਰਕਾਰ 'ਚ ਸ਼ਾਮਿਲ ਹੋਈ ਅਤੇ ਜਲਦੀ ਹੀ ਉਸ ਅਹੁਦੇ ਤੋਂ ਹੱਟ ਗਈ। ਸ਼ਾਇਦ ਉਸ ਦੀ ਇੱਕ ਮਹਿਲਾ ਬੌਸ ਸੀ ਜਿਸ ਨੇ ਉਸ ਨੂੰ ਉੱਪਰ ਜਾਣ ਦਾ ਮੌਕਾ ਦਿੱਤਾ ਅਤੇ ਫ਼ਿਰ ਉਸ ਨੂੰ ਰੱਖਿਆ ਮੰਤਰੀ ਵਰਗੀਆਂ ਕੁੱਝ ਗ਼ੈਰ–ਰਿਵਾਇਤੀ ਭੂਮਿਕਾਵਾਂ 'ਚ ਰੱਖਦਿਆਂ ਤਰੱਕੀ ਦਿੱਤੀ।

## ਸਲਮਾਨ ਦੇ ਫ਼ਾਰਮ ਹਾਊਸ 'ਚ ਘੁਸਪੈਠ ਕਰਨ ਵਾਲੇ ਦੋ ਵਿਅਕਤੀ ਪੁਲੀਸ ਨੇ ਫ਼ੜੇ



ਮੁੰਬਈ: ਪਨਵੇਲ 'ਚ ਅਭਿਨੇਤਾ ਸਲਮਾਨ ਖਾਨ ਦੇ ਫ਼ਾਰਮ ਹਾਊਸ 'ਚ ਗ਼ੈਰ–ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਦੋ ਵਿਅਕਤੀਆਂ ਨੂੰ ਪੁਲੀਸ ਨੇ ਹਿਰਾਸਤ 'ਚ ਲਿਆ ਹੈ। ਇੰਸਪੈਕਟਰ ਅਨਿਲ ਪਾਟਿਲ ਨੇ ਦੱਸਿਆ ਕਿ ਮੁਲਜ਼ਮਾਂ ਨੂੰ 4 ਜਨਵਰੀ ਨੂੰ ਗਾਰਡਾਂ ਵਲੋਂ ਸਲਮਾਨ ਦੇ ਅਰਪਿਤਾ ਫ਼ਾਰਮ ਹਾਊਸ ਦੇ ਅੰਦਰ ਘੁਸਪੈਠ ਕਰਦੇ ਹੋਏ ਫ਼ੜਿਆ ਗਿਆ ਸੀ। ਫ਼ੜੇ ਜਾਣ ਤੋਂ ਬਾਅਦ ਵਿਅਕਤੀਆਂ ਨੇ ਆਪਣੇ ਫ਼ਰਜ਼ੀ ਨਾਮ ਅਤੇ ਪਤੇ ਦੱਸੇ। ਉਨ੍ਹਾਂ ਦੱਸਿਆ ਕਿ ਫ਼ਿਲਹਾਲ ਦੋਵੇਂ ਪੁਲੀਸ ਹਿਰਾਸਤ 'ਚ ਹਨ।

# ਸਾਨੂੰ ਪਾ ਲੋਹੜੀ, ਤੇਰੀ ਜੀਵੇ ਜੋੜੀ

**ਦਲਬੀਰ ਸਿੰਘ ਧਾਲੀਵਾਲ**

ਜ਼ਿੰਦਗੀ ਨੂੰ ਜਿਊਣ, ਰਸਮਾ ਰਿਵਾਜਾਂ ਨੂੰ ਨਿਭਾਉਣ ਅਤੇ ਤਿਉਹਾਰਾਂ ਨੂੰ ਮਨਾਉਣ ਵਿੱਚ ਪੰਜਾਬੀ ਹਮੇਸ਼ਾਂ ਹੀ ਸਭ ਤੋਂ ਅੱਗੇ ਰਹੇ ਹਨ । ਹਾਲਾਤ ਕਿਹੋ ਜਿਹੇ ਵੀ ਰਹੇ ਹੋਣ, ਪੰਜਾਬੀ ਹਰ ਹਾਲ ਵਿੱਚ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ।ਕਦੀ ਹਾਲਾਤ ਅਨੁਸਾਰ ਢਲ ਜਾਂਦੇ ਤੇ ਕਦੇ ਹਾਲਾਤ ਨੂੰ ਆਪਣੇ ਅਨੁਸਾਰ ਢਾਲ ਲੈਂਦੇ । ਗਰਮੀ-ਸਰਦੀ ਦੇ ਮੌਸਮ ਵੀ ਕੰਮ ਕਰਨ ਜਾਂ ਤਿਉਹਾਰ ਮਨਾਉਣ ਸਮੇਂ ਇੰਨ੍ਹਾਂ ਦੇ ਰਾਹ ਵਿੱਚ ਨਹੀਂ ਆਉਂਦੇ ।ਅਜਿਹਾ ਹੀ ਇੱਕ ਤਿਉਹਾਰ ਹੈ ਲੋਹੜੀ, ਜੋ ਭਰ ਸਰਦੀ ਵਿੱਚ ਪੋਹ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ ਜਦੋਂ ਕਿ ਰਾਤ ਨੂੰ ਲੋਹੜੀ ਅਤੇ ਅਗਲੇ ਦਿਨ ਮਾਘ ਦਾ ਮਹੀਨਾ ਚੜ੍ਹ ਜਾਂਦਾ ਹੈ ਅਤੇ ਮਾਘੀ ਦੇ ਤਿਉਹਾਰ ਦਾ ਸਿੱਖ ਇਤਿਹਾਸ ਵਿੱਚ ਬਹੁਤ ਵੱਡਾ ਮਹੱਤਵ ਹੈ । ਲੋਹੜੀ ਤੋਂ ਕੁੱਝ ਦਿਨ ਬਾਦ ਜਨਵਰੀ ਵਿੱਚ ਹੀ ਬਸੰਤ ਪੰਚਮੀ ਦਾ ਤਿਉਹਾਰ ਹੁੰਦਾ ਹੈ ਅਤੇ ਇਹ ਆਮ ਕਹਾਵਤ ਹੈ ਕਿ ਬਸੰਤ ਪੰਚਮੀ ਤੋਂ ਬਾਅਦ ਕੜਾਕੇ ਦੀ ਠੰਢ ਖਤਮ ਹੋ ਜਾਂਦੀ ਹੈ ਪਰ ਕੁੱਝ ਸਾਲਾਂ ਤੋਂ ਵੇਖਿਆ ਜਾਂਦਾ ਹੈ ਕਿ ਇਹ ਪੁਰਾਣੀ ਕਹਾਵਤ ਕਿ " ਆਇਆ ਬਸੰਤ, ਪਾਲਾ ਉਡੰਤ" ਵਾਲੀ ਕਹਾਵਤ ਝੂਠੀ ਹੋ ਗਈ ਹੈ ਕਿਉਂਕਿ ਕਈ ਵਾਰ ਬਸੰਤ ਤੋਂ ਬਾਅਦ ਪਾਲਾ ਵਧੇਰੇ ਪੈਣ ਲੱਗ ਜਾਣ ਕਾਰਨ ਇਹ ਗੱਲ ਕਈ ਲੋਕਾਂ ਦੇ ਮੂੰਹੋਂ ਸੁਣੀ ਗਈ ਕਿ" ਆਇਆ ਬਸੰਤ ਤੇ ਪਾਲਾ ਵਧੰਤ" । ਲੋਹੜੀ ਸ਼ਬਦ ਦਾ ਮੂਲ ਤਿਲ+ਰੋੜੀ ਹੈ ਜੋ ਸਮਾਂ ਪਾ ਕੇ ਤਿਲੋੜੀ ਤੇ ਫੇਰ ਲੋਹੜੀ ਬਣ ਗਈ ਕਿਉਂਕਿ ਜਿਸ ਘਰ ਵਿੱਚ ਮੁੰਡਾ ਜੰਮਿਆ ਹੋਵੇ ਜਾਂ ਕਿਸੇ ਦਾ ਨਵਾਂ ਵਿਆਹ ਹੋਇਆ ਹੋਵੇ ਜਾਂ ਕਿਸੇ ਨੇ ਨਵਾਂ ਮਕਾਨ ਬਣਾਇਆ ਹੋਵੇ ਤਾਂ ਉਸ ਦੀ ਲੋਹੜੀ ਵੰਡੀ ਜਾਂਦੀ ਹੈ ਜਿਸ ਵਿੱਚ ਮੂੰਗਫਲੀ, ਰਿਉੜੀਆਂ, ਗੱਚਕ, ਮੱਕੀ ਦੇ ਭੁੰਨੇ ਹੋਏ ਫੁੱਲੇ ਹੁੰਦੇ ਹਨ ਅਤੇ ਲੋਹੜੀ ਵਾਲੀ ਰਾਤ ਗਲੀ ਮੁਹੱਲੇ ਦੇ ਲੋਕ ਉਸ ਖੁਸ਼ੀ ਵਾਲੇ ਘਰ ਦੇ ਅੱਗੇ ਸਾਰੇ ਧੂਣੀ ਬਾਲ ਕੇ ਇੱਕਠੇ ਹੁੰਦੇ ਹਨ ਤੇ ਉਸ ਧੂਣੀ ਵਾਲੀ ਅੱਗ ਵਿੱਚ ਤਿਲ ਤੇ ਰਿਉੜੀਆਂ ਸੁੱਟਦੇ ਹਨ ਅਤੇ ਇੱਕ ਦੂਜੇ ਨੂੰ ਵੰਡਦੇ ਹਨ ਜੋ ਕਿ ਆਪਸੀ ਸਭਿਆਚਾਰ ਤੇ ਸਮਾਜਿਕ/ਮਨੁੱਖੀ ਸਾਂਝਾ ਦਾ ਬਹੁਤ ਵੱਡਾ ਪ੍ਰਤੀਕ ਹੈ ਜੋ ਅੱਜ-ਕੱਲ ਦੇ ਜਮਾਨੇ ਵਿੱਚ ਅਤੀ ਮਹੱਤਵਪੂਰਣ ਅਤੇ ਲੋੜੀਂਦਾ ਹੈ । ਹੁਣ ਸਮਾਜ ਵਿੱਚ ਜਾਗ੍ਰਿਤੀ ਆਉਣ ਕਾਰਨ ਮੋਜੂਦਾ ਸਮੇਂ ਕੁੜੀ ਅਤੇ ਮੁੰਡੇ ਵਿੱਚ ਲੋਕਾਂ ਨੇ ਫਰਕ ਮਿਟਾ ਕੇ ਅਤੇ ਸਿਰਫ ਯੋਗਤਾ ਨੂੰ ਪਹਿਲ ਦਿੰਦੇ ਹੋਏ ਮੁੰਡੇ ਦੇ ਨਾਲ ਨਾਲ ਕੁੜੀਆਂ ਦੀ ਲੋਹੜੀ ਵੀ ਮਨਾਉਣੀ ਸ਼ੁਰੂ ਕਰ ਦਿੱਤੀ ਹੈ ਜੋ ਕਿ ਬਹੁਤ ਪ੍ਰਸ਼ੰਸਾਯੋਗ ਕੰਮ ਹੈ, ਵਿਸ਼ੇਸ਼ਕਰ ਇਸ ਸਾਰੀ ਜਾਗਰੂਕਤਾ ਵਿੱਚ ਸਾਡੇ ਕਈ ਸਮਾਜ ਸੇਵੀ ਅਤੇ ਸਮਾਜ ਸੁਧਾਰਕ ਸੱਜਣਾਂ ਦਾ ਬਹੁਤ ਵੱਡਾ ਯੋਗਦਾਨ ਅਤੇ ਇਹ ਜੱਥੇਬੰਦੀਆਂ ਧੀਆਂ ਦੀ ਲੋਹੜੀ ਮਨਾਉਣ ਦੇ ਸਮਾਰੋਹ ਕਰਕੇ ਲੋਕਾਂ ਨੂੰ ਇੱਕਠੇ ਕਰਦੇ ਹਨ ਅਤੇ ਜਾਗ੍ਰਿਤੀ ਪੈਦਾ ਕਰਦੇ ਹਨ ।

ਲੋਹੜੀ ਤਿਉਹਾਰ ਮਨਾਉਣ ਦੇ ਪਿਛੇ ਇੱਕ ਬਹੁਤ ਪੁਰਾਣਾ ਇਤਿਹਾਸ ਹੈ ਕਿ ਇਹ ਦੁੱਲਾ ਭੱਟੀ ਦੀ ਪ੍ਰਸ਼ੰਸਾ ਵਿੱਚ ਮਨਾਇਆ ਜਾਂਦਾ ਹੈ ਜੋ ਲਾਹੌਰ ਇਲਾਕੇ ਦੇ ਭੱਟੀਆਂ ਪਿੰਡ (ਹੁਣ ਪਾਕਿਸਤਾਨ ਲਹਿੰਦੇ ਪੰਜਾਬ ਵਿੱਚ) ਰਾਜਾ ਅਕਬਰ ਦੇ ਸਮੇਂ ਮੁਸਲਮਾਨ ਡਾਕੂ ਸੀ, ਉਹ ਅਮੀਰ ਲੋਕਾਂ ਦੇ ਘਰ ਲੁੱਟ ਕੇ ਗਰੀਬਾਂ ਵਿੱਚ ਵੰਡ ਦਿੰਦਾ ਸੀ ਅਤੇ ਗਰੀਬ ਅਤੇ ਨਿਰਬਲ ਲੋਕਾਂ ਦਾ ਹਰ ਪੱਖੋਂ ਨਾਇਕ ਬਣ ਕੇ ਉਨ੍ਹਾਂ ਦੀ ਮਦਦ ਕਰਦਾ ਸੀ ਅਤੇ ਗਰੀਬਾਂ ਦੀਆਂ ਅਨੇਕਾਂ ਕੁੜੀਆਂ ਦੀ ਰੱਖਿਆ ਵੀ ਕਰਦਾ ਸੀ ਅਤੇ ਉਹਨਾਂ ਦੇ ਵਿਆਹ ਵੀ ਆਪਣੇ ਖਰਚੇ ਤੇ ਕਰ ਦਿੰਦਾ ਸੀ । ਜ਼ਿਕਰਯੋਗ ਹੈ ਕਿ ਉਸ ਮੁਗਲ ਰਾਜ ਦੇ ਹਾਕਮ ਕਈ ਵਾਰ ਕਿਸੇ ਗਰੀਬ ਦੀਆਂ ਸੋਹਣੀਆਂ ਕੁੜੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ ਅਤੇ ਉਨ੍ਹਾਂ ਨਾਲ ਜਬਰਦਸਤੀ ਕਰਦੇ ਸਨ ਜਿੰਨਾਂ ਨੂੰ ਫਿਰ ਇਹ ਦੁੱਲਾ ਭੱਟੀ ਬਚਾ ਕੇ ਲਿਆਉਂਦਾ ਸੀ । ਅਜਿਹੀ ਹੀ ਇੱਕ ਗਾਥਾ ਲੋਹੜੀ ਨਾਲ ਜੁੜੀ ਹੋਈ ਹੈ ਕਿ ਲਾਹੌਰ ਦੇ ਇੱਕ ਬ੍ਰਾਹਮਣ ਦੀਆਂ ਦੋ ਕੁੜੀਆਂ ਸੁੰਦਰੀ ਅਤੇ ਮੁੰਦਰੀ ਦੀ ਨੇੜੇ ਦੇ ਪਿੰਡ ਵਿੱਚ ਮੰਗਣੀ ਕੀਤੀ ਹੋਈ ਸੀ ਅਤੇ ਵਿਆਹ ਰੱਖਿਆ ਹੋਇਆ ਸੀ ਪਰ ਕਿਸੇ ਮੁਗਲ ਹਾਕਮ ਦੀ ਉਨ੍ਹਾਂ ਕੁੜੀਆਂ ਤੇ ਅੱਖ ਮੈਲੀ ਹੋ ਗਈ ਜੋ ਉਨ੍ਹਾਂ ਨੂੰ ਲੈ ਜਾਣਾ ਚਾਹੁੰਦਾ ਸੀ ਜਿਸ ਦੇ ਡਰ ਕਾਰਨ ਕੁੜੀ ਦੇ ਸਹੁਰਾ ਪਰਿਵਾਰ ਵਾਲਿਆਂ ਨੇ ਡਰਦੇ ਹੋਏ ਕੁੜੀਆਂ ਨਾਲ ਵਿਆਹ ਕਰਨ ਤੋਂ ਮਨ੍ਹਾ ਕਰ ਦਿੱਤਾ ਜੋ ਗੱਲ ਜੰਗਲ ਦੀ ਅੱਗ ਵਾਂਗ ਇਲਾਕੇ ਵਿੱਚ ਫੈਲ ਗਈ ਸੀ ।ਜਦੋਂ ਦੁੱਲੇ ਭੱਟੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਉਸ ਬ੍ਰਾਹਮਣ ਦੇ ਘਰ ਆਇਆ ਤੇ ਉਸ ਤੋਂ ਸਾਰੀ ਗੱਲ ਪੁੱਛੀ ਤੇ ਉਸ ਨੂੰ ਹੌਂਸਲਾ ਦਿੱਤਾ ਕਿ ਫਿਕਰ ਨਾ ਕਰ ਇਹ ਕੁੜੀਆਂ ਅੱਜ ਤੋਂ ਮੇਰੀਆਂ ਵੀ ਧੀਆਂ ਹਨ ਇੰਨ੍ਹਾਂ ਦੇ ਵਿਆਹ ਮੈਂ ਉਸੇ ਜਗ੍ਹਾਂ ਹੀ ਕਰਾਂਗਾ । ਫਿਰ ਦੁੱਲਾ ਭੱਟੀ ਮੁੰਡੇ ਵਾਲਿਆਂ ਦੇ ਘਰ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਮੁਗਲ ਹਾਕਮਾਂ ਨੂੰ ਮੈਂ ਨਜਿੱਠਾਗਾਂ ਤੇ ਤੁਹਾਡੀ ਰੱਖਿਆ ਵੀ ਕਰਾਂਗਾ । ਇਸ ਲਈ ਉਨ੍ਹਾਂ ਕੁੜੀਆਂ ਨੂੰ ਸੁੰਦਰੀ ਤੇ ਮੁੰਦਰੀ ਨੂੰ ਵਿਆਹ ਕੇ ਲਿਆਓ, ਮੈਂ ਮੌਕੇ ਤੇ ਹਾਜ਼ਰ ਹੋਵਾਂਗਾ ਤੁਸੀਂ ਫਿਕਰ ਨਾ ਕਰੋ । ਇਤਿਹਾਸ ਕਹਿੰਦਾ ਹੈ ਕਿ ਦੁੱਲੇ ਭੱਟੀ ਨੇ ਭੈਣਾਂ ਬਣਾ ਕੇ ਸੁੰਦਰੀ ਅਤੇ ਮੁੰਦਰੀ ਦਾ ਵਿਆਹ ਕਰਵਾਇਆ ਅਤੇ ਉਨ੍ਹਾਂ ਦੇ ਝੋਲੀ ਵਿੱਚ ਸ਼ਗਨ ਵਜੋਂ ਸ਼ੱਕਰ ਪਾਈ ਅਤੇ ਹੋਰ ਵੀ ਮਦਦ ਕੀਤੀ । ਇਸੇ ਕਰਕੇ ਹੀ ਮੁੰਡੇ ਕੁੜੀਆਂ ਟੌਲੀਆਂ ਬਣਾ ਕੇ ਜਦੋਂ ਘਰਾਂ ਵਿੱਚ ਲੋਹੜੀ ਮੰਗਣ ਜਾਂਦੇ ਹਨ ਤਾਂ ਇਹ ਗੀਤ ਗਾਉਂਦੇ ਹਨ :-

ਸੁੰਦਰ ਮੁੰਦਰੀਏ, ਤੇਰਾ ਕੋਣ ਵਿਚਾਰਾ ਹੋ,  
ਦੁੱਲਾ ਭੱਟੀ ਵਾਲਾ ਹੋ , ਦੁੱਲੇ ਦੀ ਧੀ ਵਿਆਹੀ ਹੋ,  
ਸੇਰ ਸ਼ੱਕਰ ਪਾਈ ਹੋ  
..................  
ਕੁੜੀ ਦਾ ਸਾਲੂ ਪਾਟਾ ਹੋ,  
ਕੁੜੀ ਦਾ ਜੀਵੇ ਚਾਚਾ ਹੋ ।

ਜੇ ਘਰ ਵਾਲਿਆਂ ਵੱਲੋਂ ਲੋਹੜੀ ਦੇਣ ਵਿੱਚ ਦੇਰ ਹੋ ਜਾਵੇ ਤਾਂ ਮੁੰਡੇ/ਕੁੜੀਆਂ ਇਹ ਗੀਤ ਵੀ ਗਾਉਂਦੇ ਹਨ :

ਸਾਡੇ ਪੈਰਾਂ ਹੇਠ ਸਲਾਈਆਂ,  
ਅਸੀਂ ਕਿਹੜੇ ਵੇਲੇ ਦੀਆਂ ਆਈਆਂ,  
ਸਾਡੇ ਪੈਰਾਂ ਹੇਠ ਰੋੜ ਸਾਨੂੰ ਛੇਤੀ ਛੇਤੀ ਤੋਰ ।

ਅਤੇ ਅਜਿਹੇ ਹੋਰ ਕਈ ਗੀਤ ਵੀ ਗਾਏ ਜਾਂਦੇ ਹਨ ।

ਸਾਡਾ ਸਭਿਆਚਾਰ ਇਹ ਵੀ ਹੈ ਕਿ ਲੋਹੜੀ ਵਾਲੀ ਰਾਤ ਜਦੋਂ ਲੋਕ ਅੱਗ ਵਿੱਚ ਤਿਲ ਸੁੱਟਦੇ ਹਨ ਤਾਂ ਇਹ ਵੀ ਕਹਿੰਦੇ ਹਨ : " ਈਸਰ ਆ ਦਲਿੱਦਰ ਜਾ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ" ਅਤੇ ਇਹ ਵੀ ਕਹਿੰਦੇ ਹਨ ਕਿ" ਲੋਹੜੀਏ ਵਿਚਾਰੀਏ, ਭਰੀ ਆਵੀਂ ਤੇ ਸੱਖਣੀ ਜਾਵੀਂ" । ਲੋਹੜੀ ਮੌਕੇ ਲੋਕ ਆਪਣੀਆਂ ਨਵਵਿਆਹੀਆਂ ਧੀਆਂ ਨੂੰ ਸਹੁਰੇ ਘਰ ਤੋਂ ਆਪਣੇ ਪੇਕੀਂ ਵੀ ਲੈ ਕੇ ਆਉਂਦੇ ਹਨ ਅਤੇ ਜੇ ਨਾ ਆ ਸਕਣ ਤਾਂ ਧੀ ਦੇ ਸਹੁਰੇ ਘਰ ਲੋਹੜੀ ਦੇਣ ਵੀ ਜਾਂਦੇ ਹਨ ਅਤੇ ਜੇ ਕਿਤੇ ਨਾ ਜਾਇਆ ਜਾਵੇ ਤਾਂ ਕੁੜੀ ਦੀ ਸੱਸ ਆਪਣੀ ਨੂੰਹ ਨੂੰ ਕਹਿ ਦਿੰਦੀ ਹੈ ਕਿ ਪੁੱਤ ਐਤਕੀ ਤੈਨੂੰ ਲੋਹੜੀ ਦੇਣ ਕਿਉਂ ਨਹੀਂ ਆਇਆ ਕੋਈ, ਰੱਬ ਸੁੱਖ ਰੱਖੇ । ਆਪਸੀ ਭਾਈਚਾਰੇ ਦਾ ਇਹ ਵੀ ਸੰਕੇਤ ਹੈ ਕਿ ਜੇ ਗਲੀ ਮਹੁੱਲੇ ਜਾਂ ਆਂਢ ਗੁਆਂਢ ਵਿੱਚ ਕਿਸੇ ਘਰ ਦਰਦ ਭਰੀ ਮੌਤ ਹੋਈ ਹੋਵੇ ਤਾਂ ਆਢੀ ਗੁਆਢੀ/ਮੁਹੱਲੇ ਵਾਲੇ ਵੀ ਲੋਹੜੀ ਨਹੀਂ ਮਨਾਉਂਦੇ । ਲੋਹੜੀ ਦਾ ਸਭਿਆਚਾਰ ਸਾਨੂੰ ਇਹ ਸਿਖਾਉਂਦਾ ਹੈ ਕਿ ਅਸੀਂ ਆਪਸ ਵਿੱਚ ਮਿਲ ਜੁੱਲ ਕੇ ਰਹੀਏ, ਆਂਢ ਗੁਆਂਢ ਗਲੀ ਮੁਹੱਲੇ ਆਪਣੀਆਂ ਖੁਸ਼ੀਆਂ ਸਾਂਝੀ ਕਰੀਏ, ਕਿਸੇ ਗਰੀਬ ਦੀ ਧੀ ਦੀ ਰੱਖਿਆ ਅਤੇ ਮਦਦ ਕਰੀਏ ਅਤੇ ਉਨ੍ਹਾਂ ਲੋਕਾਂ ਨੂੰ ਵੀ ਸਿੱਧੇ ਰਸਤੇ ਪਾਉਣ ਦੀ ਕੋਸ਼ਿਸ਼ ਕਰੀਏ ਜੋ ਇਸ ਮੌਕੇ ਸ਼ਰਾਬਾਂ ਪੀ ਕੇ ਲੜਾਈ ਝਗੜੇ ਅਤੇ ਹੁੱਲੜਬਾਜੀ ਕਰਦੇ ਹਨ ਅਤੇ ਲੜਾਈ ਝਗੜੇ ਕਰਕੇ ਆਪਸੀ ਖੁੰਧਕਾਂ ਕੱਢਦੇ ਹਨ, ਹੋਟਲਾਂ ਵਿੱਚ ਜਾ ਕੇ ਮਹਿੰਗੀਆਂ ਪਾਰਟੀਆਂ ਵਿੱਚ ਫਜ਼ੂਲ ਖਰਚੀ ਕਰਦੇ ਹਨ । ਕੁੱਝ ਐਸੇ ਨੌਜਵਾਨ ਵੀ ਹਨ ਜੋ ਲੋਹੜੀ ਦੇ ਨਾਲ ਹੀ ਆਈ ਬਸੰਤ ਰੁੱਤ ਮੌਕੇ ਪਤੰਗਬਾਜ਼ੀ ਕਰਦੇ ਹਨ ਜਿਸ ਵਿੱਚ ਉਹ ਚਾਈਨਾ ਡੋਰ ਦੀ ਵਰਤੋਂ ਕਰਕੇ ਆਮ ਆਉਣ ਜਾਣ ਵਾਲੇ ਲੋਕਾਂ ਲਈ ਹਾਦਸਿਆਂ ਦਾ ਕਾਰਨ ਬਣਦੇ ਹਨ ਕਿਉਂਕਿ ਇਹ ਚਾਈਨਾ ਡੋਰ ਕਈ ਵਾਰ ਲੰਘਣ ਵਾਲਿਆਂ ਦੇ ਗਲ ਵਿੱਚ ਫਸ ਜਾਂਦੀ ਹੈ ਅਤੇ ਇਵੇਂ ਹੀ ਕਈ ਪੰਛੀਆਂ ਦੇ ਗਲ ਵਿੱਚ ਫਸ ਕੇ ਉਨ੍ਹਾਂ ਦੀ ਮੋਤ ਦਾ ਕਾਰਨ ਬਣਦੀ ਹੈ । ਅਜਿਹੀਆਂ ਉਪਰੋਕਤ ਲਿਖੀਆਂ ਬੁਰਾਈਆਂ ਤੋਂ ਦੂਰ ਰਹਿ ਕੇ ਜੇ ਅਸੀਂ ਉਪਰੋਕਤ ਬਿਆਨ ਕੀਤੇ ਚੰਗੇ ਅਤੇ ਆਪਸੀ ਮੇਲ ਜੋਲ ਵਾਲੇ ਸਭਿਆਚਾਰ ਨੂੰ ਲੋਹੜੀ ਦੇ ਤਿਉਹਾਰ ਉੱਤੇ ਅਪਣਾਈਏ ਤਾਂ ਫਿਰ ਹੀ ਇਹ ਲੋਹੜੀ ਦਾ ਤਿਉਹਾਰ ਸਾਡੇ ਲਈ ਸ਼ੁੱਭ ਸਾਬਤ ਹੋਵੇਗਾ ।

# ਬਹੁਤ ਚੇਤੇ ਆਉਂਦੇ ਨੇ ਸੁਰਾਂਗਲੇ ਸ਼ਾਇਰ ਸ ਸ ਮੀਸ਼ਾ



**ਗੁਰਭਜਨ ਸਿੰਘ ਗਿੱਲ**

ਮਾਈਕਰੋਫੋਨ ਤੇ ਗੱਲ ਕਰਨੀ ਮੈਨੂੰ ਸੁਰਾਂਗਲੇ ਸਾਇਰ ਸ ਸ ਮੀਸਾ ਨੇ 1976-77 ਚ ਸਿਖਾਈ। ਆਕਾਸਵਾਣੀ ਜਲੰਧਰ ਵਿੱਚ ਆਉਣ ਜਾਣ ਹੋਇਆ ਤਾਂ ਮੀਸਾ ਜੀ ਨਾਲ ਮੁਲਾਕਾਤਾਂ ਹੋਣੀਆਂ ਸੁਰੂ ਹੋਈਆਂ। ਉਨ੍ਹਾਂ ਦੱਸਿਅ ਕਿ ਅੰਗੂਠਾ ਅੰਦਰ ਕਰਕੇ ਮੁੱਠੀ ਘੁੱਟਿਆਂ ਜਿੰਨਾ ਫਾਸਲਾ ਬਣਦਾ ਹੈ, ਮਾਈਕਰੋਫੋਨ ਤੇ ਬੁਲਾਰੇ ਦੇ ਬੁੱਲਾਂ ਦਾ ਓਨਾ ਕੁ ਫਾਸਲਾ ਹੋਣਾ ਚਾਹੀਦੈ। ਮੈਂ ਹੁਣ ਤੀਕ ਇਸ ਸਬਕ ਨੂੰ ਚੇਤੇ ਰੱਖ ਕੇ ਹੀ ਸੰਬੋਧਨ ਕੀਤਾ ਹੈ।

ਮੈਨੂੰ ਅਕਸਰ ਲੋਕ ਪੁੱਛਦੇ ਹਨ ਕਿ ਓਹੀ ਮਾਈਕਰੋਫੋਨ ਬਾਕੀਆਂ ਦੀ ਵਾਰੀ ਗੱਲ ਸਪਸਟ ਨਹੀਂ ਕਰਦਾ ਪਰ ਤੇਰਾ ਅੱਖਰ ਅੱਖਰ ਸਮਝ ਆਉਂਦਾ ਹੈ।

ਮੈਂ ਇਹੀ ਆਖਦਾਂ ਕਿ ਮੇਰੇ ਉਸਤਾਦ ਮੀਸਾ ਜੀ ਨੇ।

ਆਕਾਸਵਾਣੀ ਜਲੰਧਰ ਵਿੱਚ ਕੰਮ ਕਰਦਿਆਂ ਮੀਸਾ ਜੀ ਕਦੇ ਵੀ ਕਰਮਚਾਰੀ ਜਾਂ ਅਧਿਕਾਰੀ ਨਹੀਂ ਸਨ ਲੱਗਦੇ। ਇੰਜ ਜਾਪਦਾ ਸੀ ਜਿਵੇਂ ਸਹਿਨਸਾਹ ਦਰਬਾਰ ਲਗਾਉਂਦਾ ਹੈ। ਉਨ੍ਹਾਂ ਦੇ ਕਮਰੇ ਦੀ ਆਭਾ ਹੀ ਵੱਖਰੀ ਸੀ। ਨਾਲ ਦੇ ਮੇਜ ਤੇ ਰੱਜ ਕੇ ਸੋਹਣੀ ਤੇ ਜਹੀਨ ਸਹਿਕਰਮਣ ਸੁਖਜਿੰਦਰ ਚੂੜਾਮਣੀ ਤੇ ਪਿਛਲੇ ਪਾਸੇ ਅੰਮ੍ਰਿਤਾ ਪ੍ਰੀਤਮ ਦੀ ਜਵਾਨ ਉਮਰੀ ਅਤਿ ਸੋਹਣੀ ਕਲਿੱਪ ਵਾਲੀ ਤਸਵੀਰ। ਉੱਚੋਂ ਮੀਸਾ ਜੀ ਦੀ ਮਹਿਕਦੀ ਮੁਸਕਾਨ। ਸਿ ?ਵ ਕੁਮਾਰ ਤਾਂ ਇਸੇ ਮੁਸਕਾਨ ਨੂੰ ਮੀਸਣੀ ਮੁਲਕਾਨ ਕਹਿੰਦਾ ਰਿਹਾ ਪਰ ਮੈਂ ਨਹੀਂ ਮੰਨਿਆ ਕਦੇ। ਵੱਡਿਆਂ ਦੇ ਵੱਡੇ ਯਾਰ , ਜੋ ਮਰਜੀ ਆਖਣ ਇੱਕ ਦੂਜੇ ਨੂੰ। ਸ ਸ ਮੀਸਾ ਜੀ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਬੜੇ ਦਿਲਦਾਰ ਇਨਸਾਨ ਸਨ। ਵੱਡੇ ਤੋਂ ਵੱਡੇ ਤੇ ਛੋਟੇ ਤੋਂ ਛੋਟੇ ਬੰਦੇ ਨੂੰ ਵੀ ਆਪਣੀ ਰੂਹ ਅੰਦਰ ਬਹਿਣ ਖਲੋਣ ਦਿੰਦੇ ਸਨ।

ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਦੀ ਸੰਗਤ ਕਾਰਨ ਉਨ੍ਹਾ ਦੇ ਮਾਤਾ ਜੀ ਦੇ ਵੀ ਚਰਨ ਪਰਸੇ ਹੋਏ ਹਨ। ਉਨ੍ਹਾਂ ਦੇ ਹੱਥਾਂ ਦਾ ਘੋਟਿਆ ਸਾਗ ਖਾਧਾ ਹੋਇਆ ਹੈ।

ਸ ਸ ਮੀਸਾ ਕਪੂਰਥਲਾ ਜਿ ?ਲ੍ਹੇ ਦੇ ਪਿੰਡ ਭੇਟ ਵਿੱਚ 30 ਅਗਸਤ 1934 ਨੂੰ ਪੈਦਾ ਹੋਏ ਤੇ 22 ਸਤੰਬਰ 1986 ਨੂੰ ਸਦੀਵੀ ਅਲਵਿਦਾ ਕਹਿ ਗਏ। ਉਸ ਦਿਨ ਫਰੀਦਕੋਟ ਵਿਖੇ ਬਾਬਾ ਫਰੀਦ ਮੇਲਾ ਸੀ ਕੇ ਉਸ ਦੇ ਕਵੀ ਦਰਬਾਰ ਦੀ ਮੰਚ ਸੰਚਾਲਨਾ ਉਨ੍ਹਾਂ ਕਰਨੀ ਸੀ। ਜਦ ਉਹ ਨਾ ਆਏ ਤਾਂ ਉਨ੍ਹਾਂ ਦੀ ਥਾਂ ਡਾ ਰਣਧੀਰ ਸਿੰਘ ਚੰਦ ਨੇ ਕਵੀ ਦਰਬਾਰ ਦਾ ਸੰਚਾਲਨ ਕੀਤਾ। ਗਵਰਨਰ ਸਿਧਾਰਥ ਸੰਕਰ ਰੇਅ ਨੇ ਇਸ ਸਾਮ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਜੀ ਨੂੰ ਏਥੇ ਨਾਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ ਸਨਮਾਨਿਤ ਕੀਤਾ ਸੀ। ਦੀਪਕ ਜੈਤੋਈ ਸਾਹਿਬ ਬੋਲੇ , ਮੇਰਾ ਸਨਮਾਨ ਕਿੱਥੇ ਹੈ ਸਾਹਿਬ ? ਰੱਜਿਆਂ ਨੂੰ ਰਜਾਈ ਜਾਂਦੇ ਓ।

ਸ ਸ ਮੀਸਾ ਜੀ ਦਾ ਪੂਰਾ ਨਾਮ ਸੋਹਨ ਸਿੰਘ ਮੀਸਾ ਸੀ। ਗੁਰੂ ਤੇਗ ਬਹਾਦਰ ਨੈਸਨਲ ਕਾਲਿਜ ਸਠਿਆਲਾ ਚ ਉਨ੍ਹਾਂ ਕੁਝ ਸਮਾਂ ਅੰਗਰੇਜੀ ਪੜ੍ਹਾਈ। ਫਿਰ ਆਕਾਸਵਾਣੀ ਜਲੰਧਰ ਚ ਪ੍ਰੋਗ੍ਰਾਮ ਨਿਰਮਾਤਾ ਬਣ ਗਏ।

ਮੇਰੇ ਵਰਗੇ ਅਣਗਿਣਤ ਲੋਕਾਂ ਨੂੰ ਉਨ੍ਹਾਂ ਆਕਾਸਵਾਣੀ ਤੋਂ ਪੇਸ ਕੀਤਾ।

ਸ ਸ ਮੀਸਾ ਦੇ ਲੰਬਰੇਟਾ ਸਕੂਟਰ ਤੇ ਬਹਿ ਕੇ ਹੀ 1978 ਚ ਇੰਗਲੈਂਡ ਤੋਂ ਆਏ ਲੇਖਕ ਕੁਲਦੀਪ ਤੱਖਰ ਤੇ ਮੈਂ ਲੋਕ ਗਾਇਕਾ ਬੀਬੀ ਨੂਰਾਂ ਦੇ ਆਬਾਦਪੁਰਾ ਇਲਾਕੇ ਚ ਮਿਲਣ ਗਏ ਸਾਂ।

ਅਸਾਂ ਤਿੰਨਾਂ ਨੇ ਬੀਬੀ ਨੂਰਾਂ ਦੀ ਮੁਲਾਕਾਤ ਰੀਕਾਰਡ ਕੀਤੀ ਸੀ। ਨਿੰਦਰ ਘੁਗਿਆਣਵੀ ਸੰਭਾਲੀ ਬੈਠਾ ਹੈ ਇਹ ਵਡਮੁੱਲੀ ਵਿਰਾਸਤ।

ਬੜਾ ਪਿਆਰ ਸੀ ਭਾ ਜੀ ਬਰਜਿੰਦਰ ਨਾਲ ਮੀਸਾ ਜੀ ਦਾ। ਦੁਸਿ ?ਅੰਤ ਕੁਮਾਰ ਦੀ ਹਿੰਦੀ ਗਜਲਾਂ ਦੀ ਕਿਤਾਬ ਸਾਏ ਮੇਂ ਧੂਪ ਦਾ ਸੰਪੂਰਨ ਪਾਠ ਮੈਥੋਂ 1976 ਚ ਭਾ ਜੀ ਬਰਜਿੰਦਰ ਦੇ ਵਿਜੈ ਨਗਰ ਜਲੰਧਰ ਵਾਲੇ ਘਰ ਚ ਕਰਵਾਇਆ।

ਬਾਬਾ ਫਰੀਦ ਮੇਲੇ ਤੇ ਨਾਰਥ ਜੋਨ ਕਲਚਰਲ ਸੈਂਟਰ ਵੱਲੋਂ 1986 ਚ ਕਵੀ ਦਰਬਾਰ ਦੀ ਸੰਚਾਲਨਾ ਸ ਸ ਮੀਸਾ ਜੀ ਨੇ ਕਰਨੀ ਸੀ। ਉਹ ਨਾ ਪੁੱਜੇ। ਉਸੇ ਸਵੇਰ ਕਾਂਜਲੀ ਉਨ੍ਹਾਂ ਨੂੰ ਖਾ ਗਈ। ਅਗਲੇ ਦਿਨ ਦੇ ਅਖਬਾਰ ਚ ਉਨ੍ਹਾਂ ਦੇ ਦੇਹਾਂਤ ਦੀ ਖਬਰ ਤਲਵੰਡੀ ਭਾਈ ਅੱਡੇ ਤੇ ਪੜ੍ਹੀ।

ਮੀਸਾ ਜੀ ਨਾਲ ਸਬੰਧਤ ਯਾਦਾਂ ਤਾਂ ਕਿਤਾਬ ਜੋਗੀਆਂ ਹਨ।

ਹਰ ਰੀਕਾਰਡਿੰਗ ਵੇਲੇ ਪਹਿਲਾਂ ਕਵਿਤਾਵਾਂ ਸੁਣਦੇ, ਸੁਧਵਾਉਂਦੇ ਤੇ ਘਰੋਂ ਲਿਆਂਦੀ ਦੁਪਹਿਰ ਦੀ ਰੋਟੀ ਕੂਲ ਰੋਡ ਤੇ ਬਣੇ ਢਾਬੇ ਤੇ ਗਰਮ ਕਰਵਾ ਕੇ ਖੁਆਉਂਦੇ। ਕਈ ਵਾਰ ਉਨ੍ਹਾਂ ਦੇ ਮਾਤਾ ਜੀ ਨੂੰ ਚਰਨ ਬੰਦਨਾ ਕਰਨ ਵੀ ਘਰ ਗਏ।

ਉਨ੍ਹਾਂ ਦੀ ਜੀਵਨ ਸਾਥਣ ਪ੍ਰਿੰ: ਸੁਰਿੰਦਰ ਕੌਰ ਮੀਸਾ ਕਪੂਰਥਲਾ ਚ ਪ੍ਰਿੰਸੀਪਲ ਸਨ ਉਦੋਂ। ਮੀਸਾ ਜੀ ਦਾ ਪਹਿਲਾ ਕਾਵਿ ਸੰਗ੍ਰਹਿ ਚੁਰਸਤਾ 1961 ਚ ਛਪਿਆ। ਦਸਤਕ 1966 ਚ, ਧੀਮੇ ਬੋਲ 1972 ਚ ਤੇ ਕੱਚ ਦੇ ਵਸਤਰ 1974 ਚ ਛਪਿਆ। ਹੁਣ ਗੁਲਜਾਰ ਸਿੰਘ ਸੰਧੂ ਤੇ ਸ ਸ ਮੀਸਾ ਜੀ ਦੀ ਜੀਵਨ ਸਾਥਣ ਡਾ ਸੁਰਿੰਦਰ ਕੌਰ ਮੀਸਾ ਨੇ ਉਨ੍ਹਾਂ ਦੀ ਸਮੁੱਚੀ ਰਚਨਾ ਲੋਕਗੀਤ ਪ੍ਰਕਾਸਨ ਤੋਂ ਸੰਪੂਰਨ ਮੀਸਾ ਕਾਵਿ ਦੇ ਰੂਪ ਵਿੱਚ ਛਾਪੀ ਹੈ। ਉਨ੍ਹਾਂ ਦੀ ਕਾਵਿ ਪੁਸਤਕ "ਕੱਚ ਦੇ ਵਸਤਰ "ਨੂੰ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵੀ ਮਿਲਿਆ।

ਉਨ੍ਹਾਂ ਦੇ ਜਾਣ ਮਗਰੋਂ ਉਨ੍ਹਾਂ ਦੀ ਜੀਵਨ ਸਾਥਣ ਤੇ ਸ: ਬਰਜਿੰਦਰ ਸਿੰਘ ਹਮਦਰਦ ਨੇ ਉਨ੍ਹਾਂ ਦੀਆਂ ਕਵਿਤਾਵਾਂ ਦੀ ਕਿਤਾਬ "ਚਪਲ ਚੇਤਨਾ "ਨਾਮ ਹੇਠ ਚੇਤਨਾ ਪ੍ਰਕਾਸਨ ਵੱਲੋਂ ਪ੍ਰਕਾਸਿ ?ਤ ਕਰਵਾਈ।

ਸ ਸ ਮੀਸਾ ਦੇ ਕੁਝ ਗੀਤ ਗਜਲਾਂ ਜਗਜੀਤ ਸਿੰਘ, ਜਗਜੀਤ ਸਿੰਘ ਜੀਰਵੀ, ਸਰਬਜੀਤ ਕੋਕੇ ਵਾਲੀ ਤੇ ਕਈ ਹੋਰ ਗਾਇਕਾਂ ਨੇ ਗਾਏ।

ਜਗਜੀਤ ਸਿੰਘ ਨੇ ਨਾਰਥ ਜੋਨ ਕਲਚਰਲ ਸੈਂਟਰ ਵੱਲੋਂ ਤਿਆਰ ਕੈਸਿਟ ਇੱਛਾਬਲ ਚ

ਅੱਧੀ ਰਾਤ ਪਹਿਰ ਦੇ ਤੜਕੇ।  
ਅੱਖਾਂ ਵਿੱਚ ਉਨੀਂਦਾ ਰੜਕੇ।  
ਤੇਰੀ ਧੂੜ ਵੀ ਸੁਰਮੇ ਵਰਗੀ,  
ਸੱਜਣਾਂ ਦੇ ਪਿੰਡ ਜਾਂਦੀਅ ਸੜਕੇ।  
ਮੂੰਹ ਦੇ ਭਾਰ ਪਿਆ ਹਾਂ ਏਥੇ,  
ਆਪਣੀਉਂ ਹੀ ਛਾਂ ਵਿੱਚ ਅੜ ਕੇ।

ਗਾਇਆ।

ਸਰਬਜੀਤ ਨੇ ਗਾਇਆ

ਕੀ ਕਹਿ ਕੇ ਬੁਲਾਵਾਂ ਤੈਨੂੰ  
ਵੇ ਤੂੰ ਮੇਰਾ ਕੀਹ ਲੱਗਦਾ।

ਮੀਸਾ ਜੀ ਦਾ ਖਿ ?ਆਲ ਆਇਆ ਤਾਂ ਮਨ ਦ੍ਰਵਿਤ ਹੋ ਗਿਆ। ਕਿੰਨੇ ਨਾ ਸੁਕਰੇ ਹਾਂ। ਆਪਣੇ ਹੀ ਵੱਡੇ ਵੀਰ ਨੂੰ ਵਿਸਾਰੀ ਬੈਠੇ ਹਾਂ।

ਮਲੋਟ ਤੋਂ ਕੁਝ ਮਹੀਨੇ ਪਹਿਲਾਂ ਪ੍ਰੋ: ਰਿਸੀ ਹਿਰਦੇਪਾਲ ਸਿੰਘ ਨੇ ਮੀਸਾ ਜੀ ਦੀ ਜਗਤ ਪ੍ਰਸਿੱਧ ਕਵਿਤਾ "ਚੀਕ ਬੁਲਬੁਲੀ " ਲਿਖ ਭੇਜੀ ਹੈ। ਇਹੀ ਸਬੱਬ ਬਣਿਆ ਯਾਦਹਾਨੀ ਦਾ। ਚੀਕ ਬੁਲਬੁਲੀ ਤੁਸੀਂ ਵੀ ਪੜ੍ਹੋ।

ਨੰਦੂ ਛੜੇ ਦੀ ਗੱਲ ਚੇਤੇ ਹੈ  
ਜਿਸ ਨੂੰ ਪਿੰਡ ਨੇ  
ਰੋਜ਼ ਤਕਾਲੀਂ  
ਇਕ ਦੋ ਚੀਕਾਂ ਮਾਰਨ ਦੀ ਖੁਲ੍ਹ ਦੇ ਦਿੱਤੀ ਸੀ  
ਭਰੀ ਪਰ੍ਹੇ ਵਿਚ ਗਲ ਪੱਲਾ ਪਾ  
ਜਦ ਸੀ ਉਸ ਨੇ ਅਰਜ਼ ਗੁਜ਼ਾਰੀ  
ਮੇਰੀ ਕੋਈ ਲਾਗ ਡਾਟ ਨਾ  
ਮੇਰੀ ਆਪਣੀ ਧੀ ਭੈਣ  
ਪਿੰਡ ਦੀ ਹਰ ਨਾਰੀ  
ਦਾਰੂ ਪੀ ਕੇ ਚਿੱਤ ਘਾਬਰਦਾ  
ਘਾਊਂ ਮਾਊਂ ਹੁੰਦਾ  
ਡੱਕ ਨਾ ਹੁੰਦੀ  
ਆਈ ਚੀਕ ਹੈ ਜਾਂਦੀ ਮਾਰੀ।  
ਮੈਨੂੰ ਬੇਸ਼ਕ  
ਦਾਰੂ ਕਦੀ ਕਦਾਈਂ ਲੱਭਦਾ  
ਪਰ ਮੈਂ ਏਸ ਬੇਕਿਰਕ ਸ਼ਹਿਰ ਵਿਚ  
ਕਿੰਨੇ ਚਿਰ ਤੋਂ ਆਪਣੇ ਅੰਦਰ  
ਇਕ ਚੀਕ ਤੇ ਨਾਲ  
ਬੁਲਬੁਲੀ ਡੱਕੀ ਫਿਰਦਾਂ  
ਚੁੱਪ ਚੁਪੀਤਾ  
ਇਕ ਖਲਬਲੀ ਚੱਕੀ ਫਿਰਦਾਂ।  
ਕਿੰਨੀ ਵਾਰੀ  
ਚੋਣ-ਮੁਹਿੰਮ ਦੇ ਜਲਸੇ ਵਿਚ  
ਤਕਰੀਰ ਸੁਣਦਿਆਂ  
ਜਨ ਗਨ ਮਨ ਦੀ ਹੈ ਜੈ ਮੇ  
ਸੋਗ ਸਭਾ ਦੀ ਚੁੱਪ ਦੇ ਮੌਕੇ  
ਚਿੱਤ ਘਾਬਰਿਆ  
ਚੀਕ-ਬੁਲਬੁਲੀ  
ਮਸਾਂ ਮਸਾਂ ਰੋਕੀ ਹੈ।  
ਹਫ਼ਤੇਵਾਰ  
ਦਫ਼ਤਰੀ ਮੀਟਿੰਗ ਦੇ ਵਿਚ  
ਵਿੰਗ-ਵਲੇਵੇਂ ਖਾਂਦੀ  
ਜਦੋਂ ਦਲੀਲ ਮੇਜ਼ 'ਤੇ ਰੀਂਘਣ ਲੱਗੀ  
ਕੱਸ ਕੇ ਰਤਾ ਹੋਰ ਨੈੱਕਟਾਈ  
ਮੈਂ ਇਸ ਚੀਕ ਦੇ ਨਾਲ ਬੁਲਬੁਲੀ  
ਪਹੁੰਚੀ ਸੰਘ ਦੇ ਕੋਲ ਦਬਾਈ।  
ਚੜ੍ਹੇ ਮਹੀਨੇ ਤਲਬ ਦਿਹਾੜੇ  
ਬਿੱਲਾਂ ਦਾ ਭੁਗਤਾਨ ਕਰਦਿਆਂ  
ਨਿੱਕੀਆਂ ਨਿੱਕੀਆਂ  
ਸੌ ਸੱਧਰਾਂ ਦਾ ਘਾਣ ਕਰਦਿਆਂ  
ਘੁੱਟ ਸਬਰ ਦੇ ਨਾਲ  
ਆਪਣੀ ਹੀ ਰੱਤ ਪੀਤੀ  
ਬੱਚੇ ਨੂੰ ਬੂਟਾਂ ਦਾ ਲਾਰਾ  
ਹੋਰ ਮਹੀਨਾ ਟਾਲਣ ਵੇਲੇ  
ਹਰ ਵਾਰੀ ਮੈਂ  
ਦੱਬੀ ਚੀਕ ਮੁਲਤਵੀ ਕੀਤੀ।  
ਠੇਕੇ ਦੀ ਕੈਬਿਨ ਵਿਚ  
ਠੱਠੇ ਸ਼ੁਗਲੀ ਨਿੰਦਿਆ ਚੁਗਲੀ ਵੇਲੇ  
ਤੰਗੀ ਤੁਰਸ਼ੀ ਦਾ ਅਹਿਸਾਸ ਜਾਗਦਾ  
ਖਾਰਾ ਬੱਤਾ ਖੋਲ੍ਹਣ ਲਗਿਆਂ




ਲਗਦਾ ਆਪਣਾ ਆਪ ਪਾਟਦਾ।  
ਥਾਉਂ ਕੁਥਾਈਂ ਚੀਕ-ਬੁਲਬੁਲੀ  
ਪਾਨ 'ਚ ਜ਼ਰਦੇ ਨਾਲ ਚਬਾਈ  
ਨੀਂਦਰ ਗੋਲੀ ਨਾਲ ਸੁਆਦੀ  
ਗਦਰਾਏ ਬਦਨਾਂ ਦੀ ਮਹਿਕ ਨਾਲ  
ਵਰਚਾਈ।  
ਪਰ ਹੁਣ  
ਹੋਰ ਨਾ ਡੱਕੀ ਰਹਿੰਦੀ  
ਹਰ ਦਮ ਜ਼ਬਤ ਨਾਲ ਹੈ ਖਹਿੰਦੀ  
ਦਿਨ ਭਰ ਹੋਸ਼ ਭਟਕਦੀ  
ਅੰਦਰੋਂ ਪੱਸਲੀਆਂ ਭੰਨਦੀ ਹੈ  
ਰਾਤੀਂ ਅੱਖੀਂ ਨੀਂਦ ਨਾ ਪੈਂਦੀ।  
ਹੁਣ ਜੀਅ ਕਰਦਾ  
ਕੱਲ੍ਹ ਕਚਹਿਰੀ ਲਾਗੇ  
ਗਾਂਧੀ ਚੌਂਕ 'ਚ ਖੜ ਕੇ  
ਸਾਰਾ ਗੁੱਭ ਗਲਾਟ ਕਢ ਲਵਾਂ  
ਏਨੇ ਚਿਰ ਦੀ ਡੱਕੀ ਹੋਈ  
ਖੁੱਲ੍ਹ ਕੇ ਚੀਕ-ਬੁਲਬੁਲੀ ਮਾਰਾਂ  
ਮੁਸਕੌਂਦੇ ਗਾਂਧੀ ਦੇ ਬੁੱਤ ਤੋਂ  
ਡਾਂਡੀ-ਸਫਰ ਦੀ ਸੋਟੀ ਖੋਹ ਕੇ  
ਆਪਣਾ ਹੀ ਸਿਰ ਪਾੜਾਂ  
ਲਹੂ ਪਲੱਥਾ  
ਬੁੱਤ ਦੇ ਪੈਰੀਂ ਡਿੱਗਾਂ  
ਸਾਹ ਛੱਡਣ ਤੋਂ ਪਹਿਲਾਂ  
ਇਕ ਦੋ ਵਾਰੀ ਰਾਮ ਪੁਕਾਰਾਂ।

# Big Times Soft Drinks Ltd.

ਲੋਹੜੀ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਮਾਘੀ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

Big Time Soft Drinks






**29 Watrloo Road, Wolverhampton, West Midd. WV10 0PG**

## ਗੋਰਾ ਇੰਟਰਪ੍ਰਾਈਜ਼ਿਜ਼ ਲਿਮਟਿਡ, ਗੋਰਾ ਇਨਵੈਸਟਮੈਂਟ ਪ੍ਰਾਪਰਟੀ ਲਿਮਟਿਡ ਅਤੇ ਗੋਮੈਕ ਬਿਜ਼ਨਿਸ਼ ਡਿਵੈਲਪਮੈਂਟ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸ. ਕੁਲਵੰਤ ਸਿੰਘ ਗੋਰਾ ਅਤੇ ਇਨ੍ਹਾਂ ਦੇ ਛੋਟੇ ਭਰਾ ਸ. ਬਲਬੀਰ ਸਿੰਘ ਗੋਰਾ ਵੱਲੋਂ

ਲੋਹੜੀ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਮਾਘੀ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ



ਕੁਲਵੰਤ ਸਿੰਘ ਗੋਰਾ ਬਲਬੀਰ ਸਿੰਘ ਗੋਰਾ

# Sidhu Fashions LTD & Family

ਲੋਹੜੀ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਮਾਘੀ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ



*Bahadur Singh, Gurnam Singh, Amrik Singh*




nouvelle collection



# OTL Midlands Ltd.



Founder of O.T.L Midlands Ltd

O.T.L. Midlands Ltd.




ਲੋਹੜੀ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਮਾਘੀ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਕੋਟਿ -ਕੋਟਿ ਪ੍ਰਣਾਮ।

PARTNERSHIP HOUSE, Shale Street, Bilston,W. Mids. WV14 0HF
Tel : 01902 665 611 Fax 01902 665 112


# Polluting units: Haryana must firmly curb toxic discharge



FOUL-SMELLING drains, polluted rivers and people suffering skin diseases and other ailments — these are some of the ill-effects caused by effluent-spewing industrial units all over Haryana. Complaints registered with the authorities concerned against the units violating pollution norms generally run into the familiar red tape. With the authorities moving at a snail's pace, the contamination continues to play havoc with the ecosystem as well as the health of the surrounding flora and fauna. The rigmarole of processes to set things right includes the inspection or monitoring of effluent management by a slew of agencies and platforms: the Haryana State Pollution Control Board (HSPCB), the National Green Tribunal (NGT) and, at times, even the high court and the Supreme Court.

The latest case involves 128 firms of Rewari, with the NGT directing the HSPCB to inspect them for waste discharge as hundreds of acres of the dried-up Sahibi riverbed are reported to be full of filth. Earlier, it was reported that for years, the toxic waste of Yamunanagar-Jagadhri industries had been dumped into the Dhanora drain built to divert surplus water into the Yamuna. Similarly contaminated is the Markanda rivulet of Ambala. It also came to the fore that the board was investigating allegations that some Panipat textile units secretly release effluents directly into the ground through illegal borewells instead of making their effluent treatment plants functional.

These murky goings-on show that the more things are apparently changing, the more they seem to remain the same. When will the discharge of untreated domestic sewage and industrial effluents stop? It's vital to ensure that the treatment plants operate efficiently.

# Heart Felt Many Thanks to NHS



I, Karam Singh, express my heartfelt gratitude to my General Practitioner, Mr. Sahota in Walsall, for personally overseeing my care and referring me to the NHS for improved health management. I extend my sincere thanks to the exceptional and compassionate staff of the NHS who attended to me with such dedication, making me profoundly appreciative of their outstanding services. In my view, this staff is akin to a divine presence. I hope God continues to bless them and keep them joyous.

# Secret city and more

**Ira Pande**

Before I go any further, let me wish all my readers a very Happy New Year with the fervent wish that 2024 erases all the misery, tensions and violence that ripped apart 2023. Let us not forget the number of elections that are going to take place this year because they will ignite the hate, anger and frustration of those who will lose. Already, Bangladesh, that will hold its national election today, has seen the curious case of its Nobel Prize winning economist in jail. Mohammad Yunus, widely hailed as the person credited with bringing Bangladesh to its present level of prosperity with his work on micro-finance, is today considered an offender by the Sheikh Hasina government, for reasons difficult to fathom.

Matters are no better in India. Half our Parliament is empty of its elected representatives who belong to the Opposition benches, and each party feels threatened by the ruling party as several political leaders face the Enforcement Directorate or the CBI. In the US, Donald Trump, who leads in the popular ratings, is also at the receiving end of judicial probes… The list of vendetta politics can go on and on. And all this while, more and more of West Asia is being dragged into the Israel-Gaza conflict. Europe has reached a terminal level of fatigue with the Russia-Ukraine war and Biden is no longer able to motivate his western partners to keep doling out aid to Ukraine. So, there is a lot that can make 2024 even worse than 2023, but let's pray that better sense prevails.



Let's now move to a brief trip I made to Panchkula a few weeks ago to participate in a lit fest hosted by the Bhavan Vidyalaya there. The event was to honour the memory of an old friend, Sardar Kulwant Singh, who raised the funds to set up this fine institute. When we lived in Chandigarh, almost 30 years ago, Panchkula was a satellite town in the process of developing. We only passed it on our way to and fro the railway station or to spend time at the Mughal Gardens in Pinjore. So, imagine my delight at discovering that it is now a flourishing town with a vibrant life of its own. Sadly, we did not visit Chandigarh at all this time because Panchkula kept me busy. I would have loved to visit The Tribune office and surprise the people there but will have to make another trip to meet them and the old friends in Chandigarh who I missed meeting. However, I was so chuffed to meet some readers who said many kind things about my column. After years of writing it, believe me, it is a big boost to my ego.

I want now to write about a topic that we in India seldom talk about: homosexuality, or same-sex love. Is it not curious that whereas we all have some personal acquaintance with people who are gay, we shy away from publicly acknowledging the fact if it is someone whom we are related to or have a close social relationship with? As I look back at my life, I can now clearly see some uncles or cousins who were gay but were unable to come out of the closet because there were such strict taboos then about even speaking of it. They were either objects of ridicule for being effeminate or avoided at social celebrations. In fact, there was not even a proper word or term (such as LGBTQ+) prevalent then to describe those who had a different sexual orientation other than the vile gutter language that was used also for genitalia. When you consider how open our ancient texts were and how such characters appear naturally in our religious texts as well, we have to admit that colonialism may be a reason for this prudery.

Victorian and Edwardian England set the rules for 'polite' words, so we either have highly Sanskritised terms for homosexuality, or gutter-speak from pornography. Incidentally, the most repressed societies, our own included, are the largest consumers of pornography. This is why the decriminalisation of homosexuality needs to be hailed, despite what the prudes have to say. I must recommend to you a recent book that a friend from our Punjab days has written, titled 'The Secret City'. The author, Robin Gupta, was a part of the IAS and one of its most gentle, well-mannered and urbane members. His book, which I presume is semi-autobiographical, is about a community forced to live a secret life. In Delhi, I was aware of some parties held at private farmhouses of the rich, where such celebrations were described by straight-laced people as 'orgies', sniffing disapprovingly as they said so. However, it is the poorer sections that bear the worst form of mental and physical cruelty for not being 'normal'. Gupta's book gives us an insight into both these groups and into the savage brutality that was unleashed by the police when they rounded up such 'deviants' from the Central Park in Delhi's Connaught Place, where gay people meet under the cloak of darkness. 'The Secret City' is a sensitively-written novel about Delhi's unnamed city, its dark self. The book is based on real characters, according to the author, and so has an authenticity to what is possibly the first book on Delhi's gay world. Read it to see a disturbing reality.

# Ecological guardrails being dismantled

**Shyam Saran**
Former Foreign Secretary and Honorary Fellow, CPR

AS a frequent visitor to the incomparable mountainscape of the Himalayas, I have been saddened to witness the relentless spoliation of their fragile ecology by unregulated, unrestrained and unplanned activities in the name of development. Environmental degradation has reached unprecedented levels, with projects justified on the grounds of national security or promotion of religious pilgrimage to hitherto remote locations. Little attention has been paid to the shifting terrain of the Himalayan zone, where the mountains are still rising as the Indian tectonic plate continues, millimeter by millimeter, to push against the Tibetan plateau. The blasting that takes place for the construction of highways or hydroelectric power projects renders the terrain ever more unstable, resulting in frequent landslides, avalanches and flashfloods. The benefits brought to local communities through improved connectivity, access to power and expansion of economic activity are short-lived as multiple disasters follow, such as the subsidence in Joshimath or the collapse of the under-construction tunnel at Silkyara on the national highway to Yamunotri in Uttarakhand. These have followed other environmental disasters in the same Himalayan zone, including the Kedarnath flashfloods in 2013, which led to a huge loss of life and property. And yet no lessons appear to have been learnt.

The Ministry of Environment has permitted homesteads in private and deemed forests in Goa and Mussoorie. This is likely to open the door to commercial exploitation of protected green sites .



I was associated with the post-mortem of the Kedarnath disaster. Some conclusions arrived at are revealing. Warnings from the Met department of possible storms and heavy rain in the Kedarnath region and the real possibility of a storm surge, endangering pilgrims staying at Kedarnath, were ignored. Apparently, the concern was that the income earned from religious tourism would be affected if an evacuation was ordered on the basis of the probability of adverse weather. It emerged that most of the deaths took place due to the pilgrims freezing in the sub-zero temperatures outside their guest-houses. These were heated by gas-fuelled heaters. The pilgrims did not have adequate winter clothing. At 18,000 ft, there were several hundred pilgrims in these temporary hutments. No one seemed to have asked whether such a high-altitude location had the carrying capacity for so many pilgrims. It is not clear whether the post-mortem led to major changes in managing religious tourism. I do not think so. It will be recalled that as a result of the Kedarnath floods and storm surge, most of the guest-houses, hotels and tea shops on the Gangotri highway were washed away. In any case, they should not have been allowed to be constructed right on the banks of the river itself. As a result of the disaster, it was announced that no construction would be allowed at least 100 metres from the mid-river channel on to the river bank and the area 300 metres beyond would be treated as a regulated zone. When I travelled on the Gangotri highway a few years later, the guest-houses, hotels and tea shops were all back right next to the river itself.

It is not one's argument that there should not be any economic activity in the Himalayan zone, nor that the demands of national security should not be addressed. Religious pilgrimage is a legitimate activity in a country where faith is so much part of our lives. However, all these activities must take into account the ecological fragility of the Himalayan zone. Projects, of whatever nature, should be undertaken only after very rigorous environmental impact studies. When projects are approved, it is imperative that the regulations laid down are scrupulously followed. Often, they are not. There are strict rules regarding debris disposal whenever major earthwork is undertaken. In most cases, one finds the debris being dumped next to the construction site itself. This blocks the natural drainage in the area, leading to waterlogging in the upper reaches and severe drought in the lower reaches, adversely affecting local communities and their livelihood. There are also strict rules on maintaining an appropriate distance between blasting sites. I recall that while I was undertaking border infrastructure surveys during the period from 2004 to 2015, the gap to be maintained between blasting sites was 12 km.

# Bangladesh mandate: Hasina should prove her detractors wrong



PRIME Minister Sheikh Hasina-led Awami League has recorded a landslide victory in the Bangladesh parliamentary election. The triumph — fourth in a row for the ruling party — was a foregone conclusion after the Awami League's main rival, the Bangladesh Nationalist Party (BNP), decided to boycott the election. Describing it as the people's victory, Hasina said Bangladesh had been able to set an example of holding free, fair and neutral polls. Even though the voter turnout was low (around 40 per cent) and there were stray incidents of violence, election observers from India and other countries have lauded Bangladesh's apex electoral body for doing a good job. The Hasina government had invited observers from several nations as well as multilateral organisations in a bid to make the poll process transparent. Striking a discordant note, the US has claimed that the polls were not free or fair, while regretting that not all parties participated in the ballot. The US State Department has said that Washington remains concerned over the arrest of thousands of Opposition members and reports of irregularities on election day. UN High Commissioner for Human Rights Volker Türk has urged the newly elected government to take steps to renew the country's commitment to democracy and human rights. The road to democracy has been a difficult and painful one for Bangladesh. 'Father of the Nation' Sheikh Mujibur Rahman and most of his family members were assassinated on August 15, 1975, by a group of army personnel. The next decade and a half witnessed military dictatorship, which enfeebled the country politically as well as economically. Over the past decade or so, Bangladesh's economic resurgence has gone hand in hand with political stability. The voters' mandate needs to be respected by all, even as it is the government's responsibility to probe allegations of electoral malpractices and highhandedness. The BNP does not have the moral right to cry foul as it chose to stay away from the ballot, which is the cornerstone of democracy.

# Make 2024 the year you go smokefree

Smokers are being encouraged to stub out their cigarettes and make 2024 the year they go smokefree.

Every year millions of people across England make a quit attempt, with research showing that people who can stop smoking for four weeks are five times more likely to stay smoke free for good.

Councillor Jasbir Jaspal, the City of Wolverhampton Council's Cabinet Member for Adults and Wellbeing, said: "Stopping smoking is the best thing you can do for your health and the health of those around you, on both a short-term and long-term basis.




"When you stop smoking, good things happen – and you can begin to see almost immediate improvements to your health.

"You'll feel better and have more energy to keep up with the kids, your home and clothes will smell fresher, you'll have more money for other things.

"So why not make 2024 the year you go smokefree? It's much easier to stop smoking when you get the right support, and there are lots of options to choose from." For more information, visit www.nhs.uk/better-health/quit-smoking. For more help and support to stop smoking, please visit www.wolverhampton.gov.uk/besmokefree.

# How ambitious India fares in catching up with China

**Maj Gen Ashok K Mehta (Retd)**
Military Commentator

THE External Affairs Ministry's latest annual report describes relations with China as "not normal"; in fact, they are adversarial. The government will keep China blanked out, even though for the foreseeable future, it will remain a perennial rival, competitor and threat. Significantly, Global Times, a state-run Chinese newspaper, recently published an opinion piece praising India's strategic confidence and remarkable achievements in recent years. The article, written by Zhang Jiadong, Director of the Centre for South Asian Studies at Fudan University, Shanghai, also acknowledged India's economic growth, improvements in urban governance and a shift in attitude towards international relations, notably with China. The opinion piece lauded India's foreign policy under Prime Minister Modi, highlighting the nation's multi-alignment approach and bolstering ties with major global powers such as the US, Japan and Russia, while displaying a nuanced stance on the Russia-Ukraine conflict.

A two-decade-old comparative study by the Centre for Policy Alternatives (CPA), New Delhi, titled 'Will India Catch Up With China?', had noted: a) both will compete for resources and market influence; b) it's unlikely that they will again become mortal enemies; c) likelihood of war and conflict minimal; and d) India must close the economic gap. The CPA quoted Goldman Sachs' projection that if India recorded a growth rate of 8 to 9 per cent, it could catch up with China by 2050. In its own forecast, the CPA says that it is not a matter of catching up with the growth rate but how to come abreast in terms of the GDP, for which India must grow 9 to 11 per cent, which will not be easy due to poverty and low per capita income even by 2050.

A Foreign Policy article in 2003 enquired, 'Can India overtake China?' and concluded that India might edge past China in the future, but the CPA gave it a low probability. Recent projections of an enduring political stability are very promising.

India is chasing China's economy. Prime Minister Narendra Modi has pledged that in his third term, India will be the third largest economy after the US and China. He also said that India will be a developed country (read catch up with China) by 2047. This is akin to a hop, skip and jump to ensure a minimal growth of 9-11 per cent.

China is facing economic uncertainty, given the crisis in the real estate sector, which accounts for 35 per cent of its economy; however, its economy has tripled since 2008. Although Xi Jinping is virtually the President for life, his fetish for sovereignty and national security has led to political turbulence, evident in the sacking last year of a foreign minister, defence minister and nine Generals — five from the strategic Rocket Forces, who were lawmakers.

Alfredo Montufar, head of Geopolitical Risk, Beijing, said last September in Mumbai that China's perception in the developed world is the lowest, courtesy its wolf-warrior diplomacy. He noted that China was going into the below-potential growth period from 6.5 per cent in 2023 to 3.5 per cent in 2030 and 1 per cent in 2050.

So, in the catch-up game — China catching up with the US, India with China, Pakistan with India, and so on — are there political, diplomatic and military expedients in the India-China matrix available to India to fix the asymmetries and find equalisers? That is the billion-dollar question.

China's economy and per capita income are six times larger than India's; its defence spending is over three times of what India spends on defence.

Clearly, the CPA report of 2003 was off target in its India-China forecast of the minimal likelihood of war and conflict and the unlikelihood of both becoming mortal enemies again.

A report prepared in 2022 by the China Study Group, New Delhi, said Indians had replaced Americans as the people whom the Chinese hated the most. The Galwan clash, after four decades of peace on the LAC, ended with unprecedented Indian casualties and officers and soldiers taken captive by the PLA without the use of firearms. Later, Operation Snow Leopard exposed the frail civil-military relations and abrogation by the political executive of higher direction and guidance of war when the two armies were on the 'brink of war'.

India's trade deficit with China was $101 billion last year. Twenty rounds of military commanders' talks and several bouts of politico-military diplomatic parleys have made China look taller and thrown overboard the theory that trade and talks reduce friction and facilitate conflict resolution. At a recent seminar that I convened in New Delhi, 'Catch Up To China: On Fixing Asymmetries and Finding Equalisers', no innovative solutions were offered due to the fear of annoying China and escalating the conflict.






# Rishi Sunak announces plan to pass law quashing Horizon scandal convictions

**PETER WALKER DEPUTY POLITICAL EDITOR**

Rishi Sunak has announced a plan to pass a law that would quash the convictions of all the hundreds of post office operators wrongly convicted in the Horizon IT scandal.



Speaking at prime minister's questions, Sunak said the government would introduce new primary legislation "to make sure those convicted are swiftly exonerated and compensated".

"This is one of the greatest miscarriages of justice in our nation's history," he told MPs. "People who worked hard to serve their communities had their lives and their reputations destroyed through absolutely no fault of their own. The victims must get justice and compensation."

He added: "We will make sure that the truth comes to light, we right the wrongs of the past and the victims get the justice they deserve."

More details would be announced by Kevin Hollinrake, the business minister, when he responded to an urgent question on the issue directly after PMQs, the prime minister said. Responding to Sunak, Keir Starmer said Labour would examine the details of the plan, but welcomed the proposal to right what he called a "huge injustice".

The widely trailed idea, which would involve parliament overturning the verdicts of multiple courts, is unprecedented in its scale and comes in response to alarm at the slow pace at which the staff have been exonerated by the criminal review process.

While a public inquiry into the scandal was set up in 2020, it has shot into political prominence with the broadcast of an ITV drama, Mr Bates vs the Post Office, which highlighted the case of one post office operator turned campaigner, Alan Bates.

The Post Office, which has the power to instigate prosecutions, prosecuted more than 900 branch owner-operators who were wrongly accused of taking money from their businesses between 1999 and 2015, based on information from the faulty Horizon accounting software, installed by Fujitsu.

# ਅਫ਼ਗਾਨਿਸਤਾਨ ਅਤੇ ਪਾਕਿਸਤਾਨ 'ਚ ਸਿੱਖ ਭਾਈਚਾਰਾ ਮਨਾਏਗਾ ਪ੍ਰਕਾਸ਼ ਪੁਰਬ

ਨਵੀਂ ਦਿੱਲੀ: ਅਫ਼ਗਾਨਿਤਾਨ ਅਤੇ ਪਾਕਿਸਤਾਨ 'ਚ ਰਹਿ ਰਿਹਾ ਸਿੱਖ ਭਾਈਚਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਉਣ ਜਾ ਰਿਹਾ ਹੈ। ਜਾਣਕਾਰੀ ਮੁਤਾਬਿਕ ਅਫ਼ਗਾਨਿਸਤਾਨ ਦੇ ਕਾਬੁਲ 'ਚ ਰਹਿਣ ਵਾਲਾ ਇੱਕ ਛੋਟਾ ਸਿੱਖ ਭਾਈਚਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਤਿਆਰ ਹੈ ਜੋ ਤਾਲਿਬਾਨ ਸ਼ਾਸ਼ਿਤ ਅਫ਼ਗਾਨਿਸਤਾਨ ਦੇ ਇੱਕੋ-ਇੱਕ ਕਾਰਜਸ਼ੀਲ ਗੁਰਦੁਆਰਾ ਸਾਹਿਬ 'ਚ ਮਨਾਏ ਜਾਣ ਦੀ ਉਮੀਦ ਹੈ। ਗੁਆਂਢੀ ਦੇਸ਼ ਪਾਕਿਸਤਾਨ 'ਚ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਨੇ ਇਸਲਾਮਿਕ ਰਾਸ਼ਟਰ ਦੇ ਵੱਖ-ਵੱਖ ਗੁਰਦੁਆਰਿਆਂ 'ਚ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਇੱਕ ਵਿਸਤ੍ਰਿਤ ਜਸ਼ਨ ਦੀ ਰੂਪਰੇਖਾ ਤਿਆਰ ਕੀਤੀ ਹੈ।



ਨਾਨਕਸ਼ਾਹੀ ਕੈਲੰਡਰ 'ਚ ਮਤਭੇਦ ਹੋਣ ਕਾਰਨ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਸਮੇਤ ਦੁਨੀਆਂ ਦੇ ਕੁੱਝ ਹਿੱਸਿਆਂ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ। ਭਾਰਤ 'ਚ ਪ੍ਰਕਾਸ਼ ਪੁਰਬ 17 ਜਨਵਰੀ ਨੂੰ ਮਨਾਇਆ ਜਾਵੇਗਾ। ਕਾਬੁਲ ਦੇ ਵਸਨੀਕ ਮਨਮੋਹਨ ਸਿੰਘ ਨੇ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਕਾਬੁਲ 'ਚ ਗੁਰਦੁਆਰਾ ਕਾਰਤੇ ਪਰਵਾਨ ਅਫ਼ਗਾਨਿਸਤਾਨ 'ਚ ਇੱਕੋ ਇੱਕ ਕਾਰਜਸ਼ੀਲ ਗੁਰਦੁਆਰਾ ਹੈ ਜਿਸ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ ਹੈ। ਉਨ੍ਹਾਂ ਨੇ ਕਿਹਾ, "ਅਸੀਂ ਕਾਬੁਲ 'ਚ ਰਹਿ ਰਹੇ ਸਿਰਫ਼ 10-12 ਸਿੱਖ ਹਾਂ ਅਤੇ ਸ਼ਾਮ ਨੂੰ 10ਵੇਂ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਗੁਰਦੁਆਰਾ ਕਾਰਤੇ ਪਰਵਾਨ 'ਚ ਇਕੱਠੇ ਹੋਵਾਂਗੇ।"

ਉੱਧਰ PSGPC ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਭਰ ਦੇ ਗੁਰਦੁਆਰਿਆਂ 'ਚ ਪ੍ਰਬੰਧ ਕੀਤੇ ਗਏ ਹਨ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 5 ਜਨਵਰੀ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਅਤੇ ਹੋਰ ਗੁਰਦੁਆਰਿਆਂ 'ਚ ਪਾਏ ਗਏ।

# ਵਿਵੇਕ ਰਾਮਾਸਵਾਮੀ ਦੇ ਮਾਤਾ-ਪਿਤਾ ਨੂੰ ਤੋਹਫ਼ੇ 'ਚ ਦਿੱਤਾ ਰਿਗਵੇਦ

ਕੈਲਗਰੀ: ਉੱਤਰੀ ਅਮਰੀਕਾ ਦੇ ਕੇਰਲ ਦੇ ਹਿੰਦੂਆਂ ਨੇ ਭਾਰਤੀ-ਅਮਰੀਕੀ ਨੇਤਾ ਅਤੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਿਵੇਕ ਰਾਮਾਸਵਾਮੀ ਦੇ ਮਾਤਾ-ਪਿਤਾ ਨੂੰ ਇਕ ਪਵਿੱਤਰ ਰਿਗਵੇਦ ਤੋਹਫ਼ੇ 'ਚ ਦਿੱਤਾ ਹੈ। ਇਸ ਮੌਕੇ ਓਹਾਇਓ ਦੇ ਡੈਟਨ ਟੈਂਪਲ 'ਚ ਪੂਰੀ ਸ਼ਰਧਾ ਨਾਲ ਪੂਜਾ ਕੀਤੀ ਗਈ। ਇੱਕ ਵਾਇਰਲ ਵੀਡੀਓ 'ਚ ਵਿਵੇਕ ਦੇ ਪਿਤਾ ਨੂੰ ਪ੍ਰਾਚੀਨ ਪਾਠ ਸੌਂਪਣ ਤੋਂ ਪਹਿਲਾਂ ਉਸ ਦੀ ਰਸਮੀ ਪੂਜਾ ਕਰਦੇ ਹੋਏ ਵਿਖਾਇਆ ਗਿਆ ਹੈ। ਪੂਰਾ ਮਾਹੌਲ ਉਸ ਵੇਲੇ ਅਧਿਆਤਮਿਕਤਾ ਨਾਲ ਭਰ ਗਿਆ ਜਦੋਂ ਰਾਮਾਸਵਾਮੀ ਨੇ ਰਿਗਵੇਦ 'ਚ ਬੇਹੱਦ ਡੂੰਘੇ ਗਿਆਨ ਵਾਲੇ ਸ਼ਕਤੀਸ਼ਾਲੀ ਏਕਯਾਮਾਤਯ ਸੂਕਤਮ ਦਾ ਪਾਠ ਕੀਤਾ।



38 ਸਾਲਾ ਰਾਮਾਸਵਾਮੀ ਦੱਖਣੀ-ਪੱਛਮੀ ਓਹਾਇਓ ਦੇ ਮੂਲ ਨਿਵਾਸੀ ਹਨ। ਉਨ੍ਹਾਂ ਦੀ ਮਾਂ ਇੱਕ ਜੇਰੀਐਟ੍ਰਿਕ ਮਨੋਵਿਗਿਆਨੀ ਸੀ ਅਤੇ ਪਿਤਾ ਜਨਰਲ ਇਲੈਕਟ੍ਰਿਕ 'ਚ ਇੱਕ ਇੰਜੀਨੀਅਰ ਵਜੋਂ ਕੰਮ ਕਰਦੇ ਸਨ। ਉਨ੍ਹਾਂ ਦੇ ਮਾਤਾ-ਪਿਤਾ ਕੇਰਲ ਤੋਂ ਅਮਰੀਕਾ ਆ ਗਏ ਸਨ। ਰਾਮਾਸਵਾਮੀ ਦੀ ਰਾਸਟਰਪਤੀ ਅਹੁਦੇ ਦੀ ਮੁਹਿੰਮ ਨੇ ਸਾਰਿਆਂ ਦਾ ਧਿਆਨ ਖਿੱਚਿਆ ਹੈ ਅਤੇ ਉਹ GOP ਪ੍ਰਾਇਮਰੀ ਚੋਣਾਂ 'ਚ ਅੱਗੇ ਵਧ ਰਹੇ ਹਨ ਹਾਲਾਂਕਿ ਸਮਰਥਨ 'ਚ ਉਹ ਅਜੇ ਵੀ ਡੌਨਲਡ ਟਰੰਪ, ਨਿਕੀ ਹੇਲੀ ਅਤੇ ਫ਼ਲੌਰੀਡਾ ਦੇ ਗਵਰਨਰ ਰੌਨ ਡਿਸੈਂਟਸ ਤੋਂ ਪਿੱਛੇ ਹਨ। ਅਮਰੀਕੀ ਰਾਸਟਰਪਤੀ ਅਹੁਦੇ ਦੀਆਂ ਅਗਲੀਆਂ ਚੋਣਾਂ ਇਸ ਸਾਲ 5 ਨਵੰਬਰ ਨੂੰ ਹੋਣੀਆਂ ਹਨ। ਪਿਛਲੇ ਸਾਲ ਨਵੰਬਰ 'ਚ ਰਾਮਾਸਵਾਮੀ ਨੇ ਆਪਣੀ ਹਿੰਦੂ ਆਸਥਾ ਬਾਰੇ ਖੁੱਲ੍ਹ ਕੇ ਗੱਲ ਕੀਤੀ ਸੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਹਿੰਦੂ ਹੋਣਾ ਉਨ੍ਹਾਂ ਨੂੰ ਆਜ਼ਾਦੀ ਪ੍ਰਦਾਨ ਕਰਦਾ ਹੈ, ਅਤੇ ਉਨ੍ਹਾਂ ਨੂੰ ਨੈਤਿਕ ਜ਼ਿੰਮੇਵਾਰੀ ਵਜੋਂ ਇਸ ਰਾਸ਼ਟਰਪਤੀ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਪ੍ਰੇਰਿਤ ਕੀਤਾ ਹੈ।






# ਰਾਮ ਮੰਦਰ ਦਾ ਪ੍ਰਾਨ-ਪ੍ਰਤਿਸ਼ਠਾ ਸਮਾਰੋਹ ਦਾ ਟਾਈਮਜ਼ ਸਕੁਏਅਰ 'ਤੇ ਲਾਈਵ ਪ੍ਰਸਾਰਣ

ਔਟਵਾ: ਅਯੁਧਿਆ 'ਚ ਰਾਮ ਮੰਦਰ 'ਚ 22 ਜਨਵਰੀ ਨੂੰ ਹੋਣ ਵਾਲੀ ਰਾਮਲੱਲਾ ਦੀ ਪ੍ਰਾਨ-ਪ੍ਰਤਿਸ਼ਠਾ ਨੂੰ ਲੈ ਕੇ ਸਿਰਫ਼ ਭਾਰਤ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਵੀ ਜ਼ੋਰਾਂ-ਸ਼ੋਰਾਂ ਨਾਲ ਤਿਆਰੀਆਂ ਚੱਲ ਰਹੀਆਂ ਹਨ।

ਹੁਣ ਇੱਕ ਹੋਰ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਇਸ ਪ੍ਰਾਨ-ਪ੍ਰਤਿਸ਼ਠਾ ਸਮਾਰੋਹ ਦਾ ਲਾਈਵ ਟੈਲੀਕਾਸਟ ਅਮਰੀਕਾ ਦੇ ਨਿਊ ਯੌਰਕ ਸਥਿਤ ਮਸ਼ਹੂਰ ਟਾਈਮਜ਼ ਸਕੁਏਅਰ 'ਤੇ ਦਿਖਾਇਆ ਜਾਵੇਗਾ। ਮਿਲੀ ਜਾਣਕਾਰੀ ਮੁਤਾਬਿਕ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ 'ਚ ਭਾਰਤੀ ਦੂਤਘਰਾਂ 'ਚ ਵੀ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ।




ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਮਾਰੋਹ ਦੀਆਂ ਤਿਆਰੀਆਂ 'ਤੇ ਤਿੱਖੀ ਨਜ਼ਰ ਰੱਖੀ ਹੋਈ ਹੈ। ਉਹ ਇਸ ਮੌਕੇ ਦੇਸ਼-ਵਿਦੇਸ਼ ਦੇ ਸਾਰੇ ਰਾਮ ਭਗਤਾਂ ਨੂੰ ਸੰਬੋਧਨ ਕਰਨਗੇ। ਭਾਜਪਾ ਨੇ ਵੀ ਦੇਸ਼ ਭਰ 'ਚ ਬੂਥ ਲੈਵਲ 'ਤੇ ਸਮਾਰੋਹ ਦਾ ਲਾਈਵ ਟੈਲੀਕਾਸਟ ਕਰਨ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ 22 ਜਨਵਰੀ 2024 ਨੂੰ ਰਾਮਲੱਲਾ ਅਯੁਧਿਆ ਮੰਦਰ 'ਚ ਬਿਰਾਜਮਾਨ ਹੋਣਗੇ। ਰਾਮ ਮੰਦਰ 'ਚ ਮੂਰਤੀ ਸਥਾਪਨਾ ਦਾ ਸਮਾਂ 12 ਵੱਜ ਕੇ 29 ਮਿੰਟ 8 ਸਕਿੰਟ ਤੋਂ 12 ਵੱਜ ਕੇ 30 ਮਿੰਟ ਤੇ 32 ਸਕਿੰਟ ਤਕ ਰੱਖਿਆ ਗਿਆ ਹੈ। ਇਸ ਸਮਾਰੋਹ ਸਮੇਂ ਪ੍ਰਾਣ-ਪ੍ਰਤਿਸ਼ਠਾ ਲਈ ਸਿਰਫ਼ 84 ਸਕਿੰਟ ਦਾ ਮਹੂਰਤ ਰਹੇਗਾ।

# ਲੋਕ ਸਭਾ ਚੋਣਾਂ ਲਈ ਨਵੀਂ ਰਣਨੀਤੀ ਬਣਾਉਣ ਲੱਗੇ ਸੁਖਬੀਰ

ਵੈਨਕੂਵਰ: ਪੰਜਾਬ ਦੀ ਸਿਆਸਤ 'ਚ ਪਟੜੀ ਤੋਂ ਉਤਰ ਚੁੱਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਸੁਖਬੀਰ ਸਿੰਘ ਬਾਦਲ ਨਵੀਂ ਰਣਨੀਤੀ ਬਣਾਉਣ 'ਚ ਲੱਗੇ ਹੋਏ ਹਨ। ਇਸ ਦੇ ਚੱਲਦੇ ਪਾਰਟੀ ਹੁਣ ਤੋਂ ਹੀ ਲੋਕ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਚੋਣ ਕਰਨਾ ਚਾਹੁੰਦੀ ਹੈ ਤਾਂ ਜੋ ਉਮੀਦਵਾਰਾਂ ਨੂੰ ਆਪਣੇ ਪ੍ਰਚਾਰ ਦਾ ਪੂਰਾ ਮੌਕਾ ਮਿਲ ਸਕੇ। ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਦੀ ਚਰਚਾ ਦਰਮਿਆਨ ਅਕਾਲੀ ਦਲ ਨੇ ਵੀ ਅਜਿਹੇ ਲੋਕ ਸਭਾ ਹਲਕਿਆਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ 'ਤੇ ਇਸ ਦੇ ਉਮੀਦਵਾਰਾਂ ਦਾ ਚੋਣ ਲੜਨਾ ਤੈਅ ਹੈ।

ਮੰਨਿਆ ਜਾ ਰਿਹਾ ਹੈ ਕਿ ਸੂਬੇ ਦੀਆਂ 13 ਲੋਕ ਸਭਾ ਸੀਟਾਂ 'ਚੋਂ ਨਵੇਂ ਸਮਝੌਤੇ ਤਹਿਤ ਅਕਾਲੀ ਦਲ ਦੇ ਹਿੱਸੇ ਹੁਣ 10 ਦੀ ਥਾਂ ਸਿਰਫ਼ 7-8 ਸੀਟਾਂ ਹੀ ਆਉਣਗੀਆਂ। ਜੇਕਰ ਗਠਜੋੜ ਹੁੰਦਾ ਹੈ ਤਾਂ ਮਾਲਵੇ ਦੀਆਂ 2 ਸੀਟਾਂ ਭਾਜਪਾ ਦੇ ਕੋਟੇ 'ਚ ਆ ਸਕਦੀਆਂ ਹਨ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸੁਖਬੀਰ ਬਾਦਲ ਦੇ ਮੁੜ ਉਸੇ ਹਲਕੇ ਤੋਂ ਚੋਣ ਲੜਨ ਬਾਰੇ ਵੀ ਸ਼ੰਕੇ ਵਧਦੇ ਜਾ ਰਹੇ ਹਨ।

ਪਿਛਲੇ ਇੱਕ ਸਾਲ ਦੌਰਾਨ ਉਨ੍ਹਾਂ ਦੇ ਲੋਕ ਸਭਾ ਹਲਕੇ ਦੇ ਦੌਰੇ ਨਾਮਾਤਰ ਹੀ ਰਹੇ ਹਨ। ਸਮਝਿਆ ਜਾਂਦਾ ਹੈ ਕਿ ਉਹ ਖ਼ੁਦ ਚੋਣ ਲੜਨ ਦੀ ਬਜਾਏ ਪਾਰਟੀ ਉਮੀਦਵਾਰਾਂ ਦੇ ਪ੍ਰਚਾਰ 'ਤੇ ਧਿਆਨ ਦੇਣਗੇ। ਸੂਬੇ ਦੀ ਸਿਆਸਤ 'ਚ ਹਾਸ਼ੀਏ 'ਤੇ ਚਲੇ ਗਏ ਅਕਾਲੀ ਦਲ ਦੇ ਪ੍ਰਧਾਨ ਲਈ ਚੋਣ ਲੜਨ ਨਾਲੋਂ ਆਪਣੇ ਕੇਡਰ ਨੂੰ ਮਜ਼ਬੂਤ ਕਰਨਾ ਜ਼ਿਆਦਾ ਜ਼ਰੂਰੀ ਹੈ। ਇਸ ਲਈ ਪਹਿਲਾਂ ਵਾਂਗ ਹੁਣ ਸੁਖਬੀਰ ਬਾਦਲ ਸਿਰਫ਼ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਲੋਕ ਸਭਾ ਚੋਣ ਲੜਨਗੇ। ਫ਼ਿਲਹਾਲ ਸੁਖਬੀਰ ਦਾ ਸਾਰਾ ਧਿਆਨ ਅਕਾਲੀ ਦਲ ਨੂੰ ਮਜ਼ਬੂਤ ਕਰਨ 'ਤੇ ਲੱਗਾ ਹੋਇਆ ਹੈ। ਪੰਜਾਬ 'ਚ ਅਕਾਲੀ ਦਲ ਦੀ ਹਮੇਸ਼ਾ ਹੀ ਮਜ਼ਬੂਤ ਪੈਂਠ ਰਹੀ ਹੈ, ਅਤੇ ਉਹ ਇਸ ਸਮਰਥਨ ਆਧਾਰ ਨੂੰ ਮੁੜ ਪਾਰਟੀ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਮਾਲਵਾ ਅਤੇ ਮਾਝਾ ਇਸ ਦੇ ਗੜ੍ਹ ਰਹੇ ਹਨ, ਪਰ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ 'ਚ ਵੋਟ ਬੈਂਕ ਖਿੱਲਰ ਚੁੱਕਾ ਹੈ। ਸੁਖਬੀਰ ਬਾਦਲ ਇਹ ਵੀ ਜਾਣਦੇ ਹਨ ਕਿ ਸੂਬੇ ਦੀ ਸਿਆਸਤ 'ਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਅਕਾਲੀ ਦਲ ਨੂੰ ਕਿਸੇ ਵੀ ਤਰੀਕੇ ਆਪਣਾ ਵੋਟ ਬੈਂਕ ਵਾਪਿਸ ਲਿਆਉਣਾ ਪਵੇਗਾ।

ਇਸ ਸੰਦਰਭ 'ਚ ਉਨ੍ਹਾਂ ਨੇ ਪਿਛਲੇ ਮਹੀਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੇਅਦਬੀ ਮਾਮਲੇ 'ਚ ਮੁਆਫ਼ੀ ਮੰਗੀ ਸੀ। ਉਸ ਦਿਨ ਉਨ੍ਹਾਂ ਕਿਸੇ ਕਾਰਣ ਅਕਾਲੀ ਦਲ ਤੋਂ ਵੱਖ ਹੋਏ ਆਗੂਆਂ ਨੂੰ ਪਾਰਟੀ 'ਚ ਵਾਪਿਸ ਆਉਣ ਦੀ ਭਾਵੁਕ ਅਪੀਲ ਵੀ ਕੀਤੀ ਸੀ। ਇਸ ਅਪੀਲ ਦਾ ਅਸਰ ਅਗਲੇ ਦਿਨਾਂ 'ਚ ਵੀ ਦੇਖਣ ਨੂੰ ਮਿਲੇਗਾ ਅਤੇ ਜੇਕਰ ਅਕਾਲੀ ਦਲ ਛੱਡ ਚੁੱਕੇ ਆਗੂ ਵਾਪਿਸ ਪਾਰਟੀ 'ਚ ਆਉਂਦੇ ਹਨ ਤਾਂ ਕੇਡਰ ਵੀ ਮੁੜ ਜੁੜਨ ਲੱਗੇਗਾ। ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਪਹਿਲੀ ਵਾਰ ਚੋਣਾਂ ਦੀ ਸਾਰੀ ਜ਼ਿੰਮੇਵਾਰੀ ਸੁਖਬੀਰ ਦੇ ਮੋਢਿਆਂ 'ਤੇ ਹੋਵੇਗੀ।

